# ਪੰਜਾਬੀ ਜਰਨਲ

Friday, August 22, 2025

# PUNJABI JOURNAL

ਭਾਦੋਂ 7, ਨਾਨਕਸ਼ਾਹੀ ਸੰਮਤ: 557 | Volume: 18, Issue: 34| Ph: 604-312-5678
www.punjabijournal.ca, Email: punjabijournal@gmail.com



WCC WESTERN COMMUNITY COLLEGE

ABBOTSFORD
Unit 201, 3670 Townline Rd Abbotsford,

SURREY
Unit 201 8318 120 St Surrey, BC

SOUTH SURREY
Unit 204, 15850 24 Avenue, Surrey, BC

wcc.ca | Tel : 604.594.3500


# ਨਵੇਂ ਰਿਹਾਇਸ਼ੀ ਟੀਚੇ ਹਜ਼ਾਰਾਂ ਹੋਰ ਘਰ ਉਪਲਬਧ ਕਰਵਾਉਣਗੇ



**ਵਿਕਟੋਰੀਆ** - ਸੂਬੇ ਨੇ ਮਿਊਂਨਿਸੀਪੈਲਿਟੀਆਂ ਦੇ ਚੌਥੇ ਗਰੁੱਪ ਲਈ ਨਵੇਂ ਰਿਹਾਇਸ਼ੀ ਟੀਚੇ ਨਿਰਧਾਰਤ ਕੀਤੇ ਹਨ, ਜਿਸ ਨਾਲ ਬੀ.ਸੀ. ਭਰ ਵਿੱਚ ਭਾਈਚਾਰਿਆਂ ਲਈ ਹਜ਼ਾਰਾਂ ਨਵੇਂ ਘਰ ਉਪਲਬਧ ਹੋਏ ਹਨ।

ਭਾਈਚਾਰਿਆਂ ਦਾ ਇਹ ਚੌਥਾ ਗਰੁੱਪ ਸੂਬੇ ਦੇ ਵਿਸਤ੍ਰਿਤ ਰਿਹਾਇਸ਼ੀ-ਟੀਚਿਆਂ ਦੇ ਪ੍ਰੋਗਰਾਮ ਦਾ ਹਿੱਸਾ ਹੈ, ਜਿਸਨੂੰ ਮਈ 2025 ਵਿੱਚ ਐਲਾਨਿਆ ਗਿਆ ਸੀ। ਇਸ ਦਾ ਮੰਤਵ ਵੱਧ ਰਹੇ ਭਾਈਚਾਰਿਆਂ ਵਿੱਚ ਰਿਹਾਇਸ਼ਾਂ ਦੀ ਉੱਚ ਮੰਗ ਨੂੰ ਪੂਰਾ ਕਰਨਾ ਅਤੇ ਸੂਬੇ ਭਰ ਵਿੱਚ ਲੋਕਾਂ ਲਈ ਲੋੜੀਂਦੇ ਘਰਾਂ ਦੀ ਸਪਲਾਈ ਜਾਰੀ ਰੱਖਣਾ ਹੈ।

ਹੇਠਾਂ ਹਰੇਕ ਮਿਊਂਨਿਸੀਪੈਲਿਟੀ ਲਈ ਪੰਜ ਸਾਲ ਦੇ ਟੀਚੇ ਹਨ ਜੋ ਸੋਮਵਾਰ, 1 ਸਤੰਬਰ, 2025 ਤੋਂ ਲਾਗੂ ਹੋਣਗੇ ਅਤੇ ਜੋ ਸਲਾਹ-ਮਸ਼ਵਰੇ ਤੋਂ ਬਾਅਦ ਨਿਰਧਾਰਤ ਕੀਤੇ ਗਏ ਹਨ। ਇਹ ਮਿਊਂਨਿਸੀਪੈਲਿਟੀਆਂ ਦੀ ਅਨੁਮਾਨਿਤ ਰਿਹਾਇਸ਼ ਲੋੜ ਦਾ 75% ਦਰਸਾਉਂਦੇ ਹਨ:

- ਬਰਨਬੀ - 10,240
- ਕੋਕੁਇਟਲਮ - 6,481
- ਕੋਰਟਨੀ - 1,334
- ਟਾਊਨਸ਼ਿਪ ਔਫ ਲੈਂਗਲੀ - 6,596
- ਲੈਂਗਫੋਰਡ - 2,993
- ਪੈਂਟਿਕਟਨ - 908
- ਪਿੱਟ ਮੈਡੋਜ਼ - 727
- ਰਿਚਮੰਡ - 6,753
- ਸਕੁਆਮਿਸ਼ - 1,069
- ਵਰਨਨ - 1,829

ਕੁੱਲ 38,930 ਘਰਾਂ ਦੇ ਨਾਲ, ਭਾਈਚਾਰਿਆਂ ਦਾ ਚੌਥਾ ਗਰੁੱਪ ਅਗਲੇ ਪੰਜ ਸਾਲਾਂ ਵਿੱਚ ਰਿਹਾਇਸ਼ਾਂ ਦੀ ਸਪਲਾਈ ਨੂੰ ਵਧਾਉਣ ਲਈ ਤਿਆਰ ਹੈ। ਟੀਚਿਆਂ ਵਿੱਚ ਯੋਗਦਾਨ ਪਾਉਣ ਲਈ, ਸੂਬੇ ਨੇ ਹਰੇਕ ਮਿਊਂਨਿਸੀਪੈਲਿਟੀ ਨੂੰ ਕੁਝ ਦਿਸ਼ਾ ਨਿਰਦੇਸ਼ ਦਿੱਤੇ ਹਨ ਜੋ ਇਹ ਦਰਸਾਉਂਦੇ ਹਨ ਕਿ ਆਕਾਰ ਅਨੁਸਾਰ ਕਿੰਨੇ ਰਿਹਾਇਸ਼ੀ ਯੂਨਿਟ ਹੋਣੇ ਚਾਹੀਦੇ ਹਨ।

ਇਸ ਵਿੱਚ ਇਹ ਜਾਣਕਾਰੀ ਵੀ ਸ਼ਾਮਲ ਹੈ ਕਿ ਕਿੰਨੇ ਯੂਨਿਟ ਕਿਰਾਏ 'ਤੇ ਦਿੱਤੇ ਜਾ ਸਕਦੇ ਹਨ ਅਤੇ ਕਿੰਨੇ ਯੂਨਿਟ ਮਕਾਨ ਮਾਲਕਾਂ ਲਈ ਹੋਣਗੇ, ਅਤੇ ਕਿਰਾਏ ਦੇ ਕਿੰਨੇ ਯੂਨਿਟ ਮਾਰਕਿਟ ਵਿੱਚ ਚੱਲ ਰਹੀਆਂ ਕਿਰਾਏ ਦੀਆਂ ਦਰਾਂ ਤੋਂ ਘੱਟ ਕਿਰਾਏ 'ਤੇ ਦਿੱਤੇ ਜਾ ਸਕਦੇ ਹਨ ਅਤੇ ਕਿੰਨੇ ਕਿਰਾਏ ਦੇ ਯੂਨਿਟਾਂ ਵਿੱਚ ਸਾਈਟ 'ਤੇ ਮਿਲਣ ਵਾਲੀ ਸਹਾਇਤਾ ਉਪਲਬਧ ਹੋਵੇਗੀ। ਇਨ੍ਹਾਂ ਵਿੱਚੋਂ 14,000 ਤੋਂ ਵੱਧ ਘਰ ਮਾਰਕਿਟ ਦਰਾਂ ਤੋਂ ਘੱਟ ਕਿਰਾਏ 'ਤੇ ਦਿੱਤੇ ਜਾਣ ਵਾਲੇ ਹਨ।

ਇਨ੍ਹਾਂ ਵਿੱਚੋਂ ਬਹੁਤ ਸਾਰੇ ਭਾਈਚਾਰੇ ਪਹਿਲਾਂ ਹੀ ਵਧੇਰੇ ਘਰ ਬਣਾਉਣ ਵਿੱਚ ਮੋਹਰੀ ਹਨ। ਬਰਨਬੀ, ਲੈਂਗਫੋਰਡ ਅਤੇ ਪੈਂਟਿਕਟਨ ਵਰਗੀਆਂ ਮਿਊਂਨਿਸੀਪੈਲਿਟੀਆਂ ਨੇ ਪਹਿਲਾਂ ਹੀ ਸਰਗਰਮ ਕਦਮ ਚੁੱਕੇ ਹਨ, ਜਿਵੇਂ ਕਿ ਸਥਾਨਕ ਨੀਤੀਆਂ ਨੂੰ ਸੋਧਣਾ ਅਤੇ ਮਜ਼ਬੂਤ ਭਾਈਵਾਲੀ ਬਣਾਉਣਾ, ਤਾਂ ਜੋ ਉਨ੍ਹਾਂ ਦੇ ਵਸਨੀਕਾਂ ਦੀਆਂ ਰਿਹਾਇਸ਼ੀ ਜ਼ਰੂਰਤਾਂ ਨੂੰ ਬਿਹਤਰ ਢੰਗ ਨਾਲ ਪੂਰਾ ਕੀਤਾ ਜਾ ਸਕੇ।

ਸੂਬਾ ਬੁਨਿਆਦੀ ਢਾਂਚੇ ਅਤੇ ਸੁਵਿਧਾਵਾਂ ਲਈ ਨਿਵੇਸ਼ਾਂ 'ਤੇ ਫੈਡਰਲ ਸਰਕਾਰ ਨਾਲ ਕੰਮ ਕਰਨ ਲਈ ਰਿਹਾਇਸ਼ੀ-ਟੀਚਿਆਂ ਦੇ ਪ੍ਰੋਗਰਾਮ ਦੇ ਅੰਕੜਿਆਂ ਦੀ ਵਰਤੋਂ ਕਰੇਗਾ ਅਤੇ ਇਹ ਯਕੀਨੀ ਬਣਾਏਗਾ ਕਿ ਰਿਹਾਇਸ਼ੀ ਸੰਕਟ ਨਾਲ ਨਜਿੱਠਣ ਲਈ ਆਪਣੀ ਭੂਮਿਕਾ ਨਿਭਾਉਣ ਵਾਲੇ ਬੀ.ਸੀ. ਦੇ ਭਾਈਚਾਰਿਆਂ ਨੂੰ ਫੈਡਰਲ ਪੱਧਰ 'ਤੇ ਮਾਨਤਾ ਅਤੇ ਸਹਾਇਤਾ ਦਿੱਤੀ ਜਾਵੇ।

ਇਹ ਟੀਚੇ ਹਾਊਸਿੰਗ ਸਪਲਾਈ ਐਕਟ ਦੇ ਤਹਿਤ ਸੂਬੇ ਦੀ ਕਾਰਜਨੀਤੀ ਦਾ ਹਿੱਸਾ ਹਨ, ਜਿਸ ਦਾ ਉਦੇਸ਼ ਸਭ ਤੋਂ ਵੱਡੀਆਂ ਜ਼ਰੂਰਤਾਂ ਵਾਲੇ ਖੇਤਰਾਂ ਵਿੱਚ ਰਿਹਾਇਸ਼ਾਂ ਦੀ ਸਪਲਾਈ, ਉਪਲਬਧਤਾ ਅਤੇ ਸਮਰੱਥਾ ਨੂੰ ਵਧਾਉਣਾ ਹੈ।

ਇਸਦਾ ਟੀਚਾ ਭਾਈਚਾਰਿਆਂ ਦੀ ਆਬਾਦੀ ਵਿੱਚ ਅਨੁਮਾਨਤ ਵਾਧੇ ਨਾਲ ਨਜਿੱਠਣ ਅਤੇ ਸਥਾਨਕ ਰਿਹਾਇਸ਼ਾਂ ਦੀ ਮੰਗ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨਾ ਹੈ, ਤਾਂ ਜੋ ਵਧੇਰੇ ਲੋਕ ਉਨ੍ਹਾਂ ਦੀਆਂ ਜ਼ਰੂਰਤਾਂ ਅਤੇ ਬੱਜਟ ਦੇ ਮੁਤਾਬਕ ਘਰ ਲੱਭ ਸਕਣ। ਹੁਣ ਤੱਕ, ਰਿਹਾਇਸ਼ੀ ਟੀਚਿਆਂ ਲਈ ਚੁਣੇ ਗਏ ਪਹਿਲੇ 30 ਭਾਈਚਾਰਿਆਂ ਵਿੱਚ 16,000 ਤੋਂ ਵੱਧ ਨਵੇਂ ਘਰ ਬਣਾਏ ਜਾ ਚੁੱਕੇ ਹਨ।

ਰਿਹਾਇਸ਼ੀ ਟੀਚਿਆਂ ਲਈ ਪ੍ਰੋਗਰਾਮ ਸੂਬੇ ਦੀ ਹੋਮਜ਼ ਫਾਰ ਪੀਪਲ ਕਾਰਵਾਈ ਯੋਜਨਾ ਦਾ ਹਿੱਸਾ ਹੈ ਤਾਂ ਜੋ ਬੀ.ਸੀ. ਵਿੱਚ ਵਧੇਰੇ ਘਰ ਮੁਹੱਈਆ ਕਰਵਾਏ ਜਾ ਸਕਣ।

ਇਹ $19 ਬਿਲੀਅਨ ਦੇ ਮਹੱਤਵਪੂਰਨ ਰਿਹਾਇਸ਼ੀ ਨਿਵੇਸ਼ ਨੂੰ ਅੱਗੇ ਵਧਾਉਂਦਾ ਹੈ। ਸਾਲ 2017 ਤੋਂ ਲੈ ਕੇ ਹੁਣ ਤੱਕ, ਬੀ.ਸੀ. ਭਰ ਵਿੱਚ 93,250 ਤੋਂ ਵੱਧ ਘਰ ਉਪਲਬਧ ਕਰਵਾਏ ਗਏ ਹਨ ਜਾਂ ਉਨ੍ਹਾਂ 'ਤੇ ਕੰਮ ਚੱਲ ਰਿਹਾ ਹੈ।


SABZI MANDI SUPERMARKET



Chal Chaliye SABZI MANDI Chal Chaliye ...

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ
ਅਤੇ ਸਾਫ ਸੁਥਰੀ ਗਰੋਸਰੀ ਲਈ ਹਮੇਸ਼ਾ
ਸਬਜ਼ੀ ਮੰਡੀ ਨੂੰ ਯਾਦ ਰਖੋ

# ਮਾਪੇ ਆਪਣੇ ਬੱਚਿਆਂ ਦਾ ਟੀਕਾਕਰਨ ਕਰਵਾਉਣਾ ਯਕੀਨੀ ਬਣਾਉਣ: ਡਾ. ਮਾਰਟਿਨ



ਵੈਨਕੂਵਰ - ਬੀ.ਸੀ. ਵਿੱਚ ਬੱਚਿਆਂ ਦੀ ਸਕੂਲਾਂ ਵਿੱਚ ਵਾਪਸੀ ਦੀਆਂ ਤਿਆਰੀਆਂ ਦੇ ਹਿੱਸੇ ਵਜੋਂ, ਇਹ ਯਕੀਨੀ ਬਣਾਉਣ ਲਈ ਕਿ ਉਹਨਾਂ ਨੂੰ ਆਪਣੇ ਨਿਯਮਿਤ ਟੀਕਾਕਰਣ ਦੀਆਂ ਸਾਰੀਆਂ ਖੁਰਾਕਾਂ ਮਿਲ ਚੁੱਕੀਆਂ ਹਨ, ਬ੍ਰਿਟਿਸ਼ ਕੋਲੰਬੀਆ ਦੇ ਡਿਪਟੀ ਪ੍ਰੋਵਿੰਸ਼ੀਅਲ ਹੈਲਥ ਅਫ਼ਸਰ, ਡਾ. ਮਾਰਟਿਨ ਲਾਵੋਏ ਨੇ ਹੇਠ ਲਿਖਿਆ ਬਿਆਨ ਜਾਰੀ ਕੀਤਾ ਹੈ:

"ਪਰਿਵਾਰ ਬੱਚਿਆਂ ਦੀ ਸਕੂਲਾਂ ਵਿੱਚ ਵਾਪਸੀ ਦੀਆਂ ਤਿਆਰੀਆਂ ਕਰ ਰਹੇ ਹਨ, ਅਤੇ ਮੈਂ ਮਾਪਿਆਂ ਅਤੇ ਸਰਪ੍ਰਸਤਾਂ ਨੂੰ ਉਤਸ਼ਾਹਤ ਕਰਦਾ ਹਾਂ ਕਿ ਉਹ ਯਕੀਨੀ ਬਣਾਉਣ ਕਿ ਉਹਨਾਂ ਦੇ ਬੱਚਿਆਂ ਨੂੰ ਆਪਣੇ ਨਿਯਮਿਤ ਟੀਕਾਕਰਣ ਦੀਆਂ ਸਾਰੀਆਂ ਖੁਰਾਕਾਂ ਮਿਲ ਚੁੱਕੀਆਂ ਹਨ ਅਤੇ ਉਹ ਖਸਰਾ, ਮੰਪਸ, ਰੂਬੇਲਾ, ਪੋਲਿਓ, ਪਰਟੂਸਿਸ ਅਤੇ ਚਿਕਨਪੌਕਸ ਵਰਗੀਆਂ ਬਿਮਾਰੀਆਂ ਤੋਂ ਸੁਰੱਖਿਅਤ ਹਨ।

"ਬੱਚੇ ਜਲਦੀ ਹੀ ਸਕੂਲਾਂ ਜਾਂ ਚਾਈਲਡ ਕੇਅਰ ਥਾਂਵਾਂ ਵਿੱਚ ਇਕੱਠੇ ਹੋਣ ਲੱਗਣਗੇ ਅਤੇ ਆਪਣੇ ਪਰਿਵਾਰ ਤੋਂ ਇਲਾਵਾ ਹੋਰ ਲੋਕਾਂ ਨਾਲ ਮਿਲਣਗੇ। ਇਸਦਾ ਮਤਲਬ ਹੈ ਕਿ ਉਹ ਵੱਖ-ਵੱਖ ਛੂਤਕਾਰੀ ਬਿਮਾਰੀਆਂ ਨਾਲ ਜ਼ਿਆਦਾ ਸੰਪਰਕ ਵਿੱਚ ਆਉਣਗੇ।

"ਖ਼ਾਸ ਕਰਕੇ ਇਸ ਸਾਲ, ਸੂਬੇ ਅਤੇ ਕੈਨੇਡਾ ਭਰ ਵਿੱਚ ਖਸਰੇ ਦੇ ਮਾਮਲਿਆਂ ਵਿੱਚ ਵੱਡਾ ਵਾਧਾ ਦੇਖਣ ਨੂੰ ਮਿਲ ਰਿਹਾ ਹੈ, ਅਤੇ ਅਗਸਤ ਬਿਲਕੁਲ ਸਹੀ ਸਮਾਂ ਹੈ ਇਹ ਜਾਂਚਣ ਲਈ ਕਿ ਤੁਹਾਡੇ ਬੱਚਿਆਂ ਨੂੰ ਆਪਣੇ ਨਿਯਮਿਤ ਟੀਕਾਕਰਣ ਦੀਆਂ ਸਾਰੀਆਂ ਖੁਰਾਕਾਂ ਮਿਲ ਚੁੱਕੀਆਂ ਹਨ। ਕੋਈ ਵੀ ਬਾਕੀ ਰਹਿ ਗਏ ਟੀਕੇ ਲਗਵਾਉਣ ਲਈ ਪਹਿਲਾਂ ਤੋਂ ਸਮਾਂ ਤੈਅ ਕਰੋ। ਆਪਣੇ ਬੱਚਿਆਂ ਦਾ ਟੀਕਾਕਰਣ ਕਰਵਾਉਣਾ ਉਹਨਾਂ ਨੂੰ ਅਜਿਹੀਆਂ ਬਿਮਾਰੀਆਂ ਤੋਂ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ, ਜੋ ਗੰਭੀਰ ਬਿਮਾਰੀ, ਲੰਬੇ ਸਮੇਂ ਲਈ ਅਪੰਗਤਾ ਅਤੇ ਇੱਥੋਂ ਤੱਕ ਕਿ ਮੌਤ ਦਾ ਕਾਰਨ ਬਣ ਸਕਦੀਆਂ ਹਨ।

"18 ਸਾਲ ਤੋਂ ਘੱਟ ਉਮਰ ਦੇ ਬੱਚੇ ਉਹ ਟੀਕੇ ਲਗਵਾ ਸਕਦੇ ਹਨ ਜੋ ਸਰਕਾਰੀ ਤੌਰ 'ਤੇ ਮੁਫ਼ਤ ਦਿੱਤੇ ਜਾਂਦੇ ਹਨ, ਅਤੇ ਇਹ ਟੀਕੇ ਉਨ੍ਹਾਂ ਨੂੰ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਾਉਂਦੇ ਹਨ, ਜਿਵੇਂ ਇੰਫਲੂਐਂਜ਼ਾ, ਪੋਲਿਓ, ਖਸਰਾ, ਚਿਕਨਪੌਕਸ ਅਤੇ ਕੋਵਿਡ-19। ਇਹ ਪਤਾ ਕਰਨ ਲਈ ਕਿ ਨਵਜੰਮੇ ਬੱਚਿਆਂ ਅਤੇ ਬੱਚਿਆਂ ਲਈ ਕਿਹੜੇ ਟੀਕਾਕਰਣ ਦੀ ਸਿਫਾਰਸ਼ ਕੀਤੀ ਜਾਂਦੀ ਹੈ, HealthLink BC ਦੀ ਵੈਬਸਾਈਟ https://www.healthlinkbc.ca/ 'ਤੇ ਜਾਓ।

"ਸਕੂਲੀ ਉਮਰ ਦੇ ਬੱਚਿਆਂ ਨੂੰ ਨਿਯਮਿਤ ਤੌਰ 'ਤੇ ਗ੍ਰੇਡ 6 ਵਿੱਚ ਹਿਊਮਨ ਪੈਪਿਲੋਮਾਵਾਇਰਸ ਲਈ ਟੀਕੇ ਅਤੇ ਸਕੂਲਾਂ ਵਿੱਚ ਆਯੋਜਿਤ ਕਲੀਨਿਕਾਂ ਵਿੱਚ ਗ੍ਰੇਡ 9 ਵਿੱਚ ਟੈਟਨਸ ਡਿਪਥੀਰੀਆ ਪਰਟੂਸਿਸ ਅਤੇ ਮੈਨਿਨਜਾਈਟਿਸ ਲਈ ਟੀਕੇ ਉਪਲਬਧ ਕੀਤੇ ਜਾਂਦੇ ਹਨ। ਉਹ ਹੈਲਥ ਯੂਨਿਟਾਂ, ਕਮਿਊਨਿਟੀ ਹੈਲਥ ਸੈਂਟਰਾਂ, ਡਾਕਟਰਾਂ ਅਤੇ ਨਰਸ ਪ੍ਰੈਕਟੀਸ਼ਨਰਾਂ ਦੇ ਦਫ਼ਤਰਾਂ ਅਤੇ ਕੁਝ ਫਾਰਮੇਸੀਆਂ 'ਤੇ ਵੀ ਟੀਕੇ ਲਗਵਾ ਸਕਦੇ ਹਨ।

"ਜਿਨ੍ਹਾਂ ਲੋਕਾਂ ਦਾ ਟੀਕਾਕਰਣ ਬੀ.ਸੀ. ਤੋਂ ਬਾਹਰ ਹੋਇਆ ਹੈ ਜਾਂ ਜਿਨ੍ਹਾਂ ਦੇ ਟੀਕਾਕਰਣ ਰਿਕਾਰਡ ਅਧੂਰੇ ਹਨ, ਉਹ ਆਪਣੇ ਰਿਕਾਰਡ 'ਪ੍ਰੋਵਿੰਸ਼ੀਅਲ ਇਮੀਊਨਾਈਜ਼ੇਸ਼ਨ ਰਜਿਸਟਰੀ' (Provincial Immunization Registry) ਵਿੱਚ ਅੱਪਡੇਟ ਕਰ ਸਕਦੇ ਹਨ।"

## 'ਟੌਪ 10 ਅਤਿ ਲੋੜੀਂਦੇ ਭਗੌੜਿਆਂ' ਵਿਚ ਸ਼ਾਮਲ ਸਿੰਡੀ ਰੌਡਰਿੰਗਜ਼ ਸਿੰਘ ਗ੍ਰਿਫ਼ਤਾਰ



ਅਮਰੀਕਾ ਤੇ ਭਾਰਤ ਦੀਆਂ ਕਾਨੂੰਨ ਏਜੰਸੀਆਂ ਦੀ ਸਾਂਝੇ ਯਤਨਾਂ ਸਦਕਾ ਅਮਰੀਕਾ ਦੀ ਸੰਘੀ ਜਾਂਚ ਏਜੰਸੀ ਸਿਖਰਲੇ ਦਸ ਅਤਿ ਲੋੜੀਂਦੇ ਭਗੌੜਿਆਂ ਵਿਚੋਂ ਇਕ, ਸਿੰਡੀ ਰੌਡਰਿਗਜ਼ ਸਿੰਘ ਨੂੰ ਗ੍ਰਿਫਤਾਰ ਕਰਨ ਵਿਚ ਸਫ਼ਲ ਰਹੀ ਹੈ। ਸਿੰਡੀ ਨੂੰ ਉਸ ਦੇ ਛੇ ਸਾਲ ਦੇ ਪੁੱਤਰ ਦੇ ਕਤਲ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ।

ਸਿੰਡੀ ਆਪਣੇ ਪੁੱਤਰ ਦੇ ਕਤਲ ਮਗਰੋਂ ਪਿਛਲੇ ਦੋ ਸਾਲਾਂ ਤੋਂ ਭਾਰਤ ਵਿਚ ਲੁਕੀ ਹੋਈ ਸੀ।

ਐੱਫਬੀਆਈ ਨੇ ਭਾਰਤੀ ਅਧਿਕਾਰੀਆਂ ਅਤੇ ਇੰਟਰਪੋਲ ਦੀ ਮਦਦ ਨਾਲ ਸਿੰਡੀ ਰੌਡਰਿਗਜ਼ ਸਿੰਘ ਨੂੰ ਭਾਰਤ ਵਿੱਚ ਗ੍ਰਿਫ਼ਤਾਰ ਕੀਤਾ ਹੈ। ਉਸ ਨੂੰ ਹੁਣ ਵਾਪਸ ਅਮਰੀਕਾ ਲਿਜਾਇਆ ਗਿਆ ਹੈ।



# PUNJABI JOURNAL

Volume: 18, Issue: 34 || Ph: 604-312-5678 || Friday, August 22, 2025


## ਤਰਕਸ਼ੀਲ ਸੁਸਾਇਟੀ ਕੈਲਗਰੀ ਵੱਲੋਂ ਚੈਸਟਰਮੀਅਰ ਵਿੱਚ ਕਰਵਾਇਆ ਗਿਆ ਤਰਕਸ਼ੀਲ ਮੇਲਾ



**ਸਰੀ:** ਬੀਤੇ ਦਿਨੀਂ ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਇਕਾਈ ਕੈਲਗਰੀ ਵੱਲੋਂ ਚੈਸਟਰਮੀਅਰ ਦੇ ਕਮਿਊਨਿਟੀ ਹਾਲ ਵਿੱਚ ਤਰਕਸ਼ੀਲ ਮੇਲਾ ਕਰਵਾਇਆ ਗਿਆ। ਇਹ ਮੇਲਾ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਤਰਕਸ਼ੀਲ ਸੁਸਾਇਟੀ ਕਨੈਡਾ ਦੇ ਮੀਡੀਆ ਸਕੱਤਰ ਡਾ.ਬਲਜਿੰਦਰ ਸੇਖੋਂ ਨੂੰ ਸਮਰਪਿਤ ਸੀ। ਜਿਸ ਵਿੱਚ ਡਾ. ਸੁਰਿੰਦਰ ਸ਼ਰਮਾ ਵੱਲੋ ਨਿਰਦੇਸ਼ ਕੀਤਾ ਗਿਆ ਨਾਟਕ 'ਛਿਪਣ ਤੋਂ ਪਹਿਲਾਂ' ਕੈਲਗਿਰੀ ਦੇ ਸਥਾਨਕ ਕਲਾਕਾਰਾਂ ਵੱਲੋ ਖੇਡਿਆ ਗਿਆ। ਸੁਰਿੰਦਰ ਸ਼ਰਮਾ ਦੀ ਇਸ ਬਾ-ਕਮਾਲ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਬੇਹੱਦ ਭਾਵੁਕ ਕੀਤਾ ਅਤੇ ਖਚਾਖਚ ਭਰੇ ਹਾਲ ਵਿਚਲੀ ਹਰ ਅੱਖ 'ਚੋਂ ਹੰਝੂ ਛਲਕ ਉੱਠੇ।

ਮੇਲੇ ਵਿਚ ਤਰਕਸ਼ੀਲ (ਰੈਸ਼ਨਲਿਸਟ)ਸੁਸਾਇਟੀ ਕਨੈਡਾ ਦੇ ਪ੍ਰਧਾਨ ਬਲਦੇਵ ਰੈਹਿਪਾ (ਬਰੈਂਪਟਨ) ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਅਤੇ ਉਨ੍ਹਾਂ ਤਰਕਸ਼ੀਲਤਾ ਅਤੇ ਅਗਾਂਹਵਧੂ ਸੋਚ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਚੈਸਟਰਮੀਅਰ ਦੀ ਕੌਂਸਲਰ ਕਿਰਨ ਰੰਧਾਵਾ ਨੇ ਵੀ ਆਪਣੇ ਵਿਚਾਰ ਰੱਖੇ। ਤਰਕਸ਼ੀਲ ਸੁਸਾਇਟੀ ਐਬਟਸਫੋਰਡ ਦੀ ਟੀਮ ਵੀ ਇਸ ਮੇਲੇ ਦਾ ਹਿੱਸਾ ਬਣੀ। ਬੀਰਬਲ ਭਦੌੜ, ਗੁਰਪ੍ਰੀਤ ਭਦੌੜ, ਬਲਦੇਵ ਭਦੌੜ ਦੁਆਰਾ ਕੀਤੇ ਜਾਦੂ ਦੇ ਟਰਿੱਕ ਵੀ ਖਿੱਚ ਦਾ ਕੇਂਦਰ ਰਹੇ। ਗੁਰਪ੍ਰੀਤ ਨੇ ਜਾਦੂ ਟਰਿੱਕਾਂ ਦੇ ਨਾਲ-ਨਾਲ ਹਾਸ ਵਿਅੰਗਾਂ ਰਾਹੀਂ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾ ਦਿੱਤੀਆਂ। ਸਿਮਰਤਾ ਵੱਲੋਂ ਪੇਸ਼ ਕੀਤੇ ਸੰਤ ਰਾਮ ਉਦਾਸੀ ਦੇ ਗੀਤਾਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ।

ਪ੍ਰੋਗਰਾਮ ਦੇ ਅੰਤ ਵਿਚ ਪ੍ਰਧਾਨ ਦਰਸ਼ਨ ਔਜਲਾ ਨੇ ਆਏ ਮਹਿਮਾਨਾਂ, ਦਰਸ਼ਕਾਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦਾ ਸਟੇਜ ਸੰਚਾਲਨ ਤਰਕਸ਼ੀਲ (ਰੈਸ਼ਨਲਿਸਟ)ਸੁਸਾਇਟੀ ਕਨੈਡਾ ਦੇ ਜਨਰਲ ਸੱਕਤਰ ਬੀਰਬਲ ਭਦੌੜ ਨੇ ਬਾਖੂਬੀ ਨਿਭਾਇਆ।

## ਭਾਜਪਾ ਨੂੰ ਕੈਂਪ ਲਗਾਉਣ ਤੋਂ ਰੋਕਣ ਦਾ ਮਾਮਲਾ ਭਖਿਆ

ਸੂਬਾ ਸਰਕਾਰ ਵੱਲੋਂ ਸੂਬੇ ਵਿੱਚ ਭਾਜਪਾ ਤਰਫ਼ੋਂ ਲਗਾਏ ਜਾ ਰਹੇ ਸੁਵਿਧਾ ਕੈਂਪਾਂ ਨੂੰ ਰੋਕਣ ਬਾਅਦ ਮਾਮਲਾ ਭਖ ਗਿਆ ਹੈ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਸਰਕਾਰੀ ਕੰਮ ਕਰਵਾਉਣ ਲਈ ਖੁਦ ਨੂੰ ਵਿਸ਼ੇਸ਼ ਰਾਜਨੀਤਿਕ ਪਾਰਟੀ ਨਾਲ ਸਬੰਧਿਤ ਹੋਣ ਦਾ ਦਾਅਵਾ ਕਰਨ ਵਾਲੇ ਵਿਅਕਤੀਆਂ ਵੱਲੋਂ ਪੈਸਾ (ਕਮਿਸ਼ਨ) ਇਕੱਠਾ ਕਰਨ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ।

ਇੱਥੇ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੇ ਸ਼ਿਕਾਇਤਾਂ ਦੀ ਜਾਂਚ ਲਈ ਸੀਨੀਅਰ ਸਿਵਲ ਤੇ ਪੁਲੀਸ ਅਧਿਕਾਰੀਆਂ ਦੀ ਕਮੇਟੀ ਬਣਾਈ ਹੈ, ਜਿਸ ਵਿੱਚ ਏਡੀਸੀ, ਐੱਸਡੀਐੱਮ, ਐੱਸਪੀਐੱਚ ਤੇ ਡੀਐੱਸਪੀ ਨੂੰ ਸ਼ਾਮਲ ਕੀਤਾ ਗਿਆ ਹੈ। ਇੱਥੇ ਜ਼ਿਲ੍ਹਾ ਕਮੇਟੀ ਮੈਂਬਰ ਐੱਸਪੀਐੱਚ ਸੰਦੀਪ ਸਿੰਘ ਮੰਡ ਨੇ ਇਸ ਦੀ ਪੁਸ਼ਟੀ ਕੀਤੀ ਹੈ।

ਸਰਕਾਰੀ ਬੁਲਾਰੇ ਨੇ ਦੱਸਿਆ ਕਿ ਪਿਛਲੇ 24 ਘੰਟਿਆਂ ਵਿੱਚ ਪੰਜਾਬ ਪੁਲੀਸ ਨੂੰ ਸ਼ਿਕਾਇਤਾਂ ਮਿਲੀਆਂ ਹਨ ਕਿ ਸਰਕਾਰੀ ਕੰਮ ਕਰਵਾਉਣ ਲਈ ਖੁਦ ਨੂੰ ਵਿਸ਼ੇਸ਼ ਰਾਜਨੀਤਿਕ ਪਾਰਟੀ ਨਾਲ ਸਬੰਧਿਤ ਹੋਣ ਦਾ ਦਾਅਵਾ ਕਰਨ ਵਾਲੇ ਵਿਅਕਤੀਆਂ ਵੱਲੋਂ ਪੈਸਾ (ਕਮਿਸ਼ਨ) ਇਕੱਠਾ ਕਰਨ ਲਈ ਆਧਾਰ ਕਾਰਡ, ਵੋਟਰ ਕਾਰਡ, ਪੈਨ ਕਾਰਡ ਸਣੇ ਨਿੱਜੀ ਦਸਤਾਵੇਜ਼ ਲੈਣ ਦੀਆਂ ਵੱਡੀ ਗਿਣਤੀ 'ਚ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ।

ਸਰਕਾਰੀ ਯੋਜਨਾਵਾਂ ਤਹਿਤ ਭਰਤੀ ਕਰਾਉਣ ਦੇ ਲਾਲਚ ਹੇਠ ਸਥਾਨਕ ਲੋਕਾਂ ਨੂੰ ਨਿੱਜੀ ਦਸਤਾਵੇਜ਼ ਦੇਣ ਲਈ ਉਕਸਾਇਆ ਜਾ ਰਿਹਾ ਹੈ। ਲੋਕਾਂ ਨੂੰ ਸੁਚੇਤ ਕੀਤਾ ਜਾ ਰਿਹਾ ਹੈ ਕਿ ਸਮਾਜ ਵਿਰੋਧੀ ਅਨਸਰਾਂ ਤੋਂ ਦੂਰ ਰਹਿਣ ਅਤੇ ਕਿਸੇ ਨੂੰ ਵੀ ਕੋਈ ਨਿੱਜੀ ਡੇਟਾ ਨਾ ਦੇਣ ਕਿਉਂਕਿ ਇਸ ਦੀ ਦੁਰਵਰਤੋਂ ਹੋ ਸਕਦੀ ਹੈ। ਲੋਕਾਂ ਨੂੰ ਆਪਣਾ ਸਰਕਾਰੀ ਕੰਮ ਕਰਵਾਉਣ ਲਈ ਅਜਿਹੇ ਕਿਸੇ ਵੀ ਨਿੱਜੀ ਗੈਰ-ਕਾਨੂੰਨੀ ਲੋਕਾਂ ਕੋਲ ਵੀ ਨਹੀਂ ਜਾਣਾ ਚਾਹੀਦਾ। ਸਰਕਾਰ ਨੇ ਪੰਜਾਬ ਭਰ ਵਿੱਚ ਬਹੁਤ ਸਾਰੇ 'ਸੇਵਾ ਕੇਂਦਰ' ਸਥਾਪਤ ਕੀਤੇ ਹਨ। ਲੋਕ ਆਪਣੇ ਸਰਕਾਰੀ ਕੰਮ ਲਈ ਕਿਸੇ ਵੀ ਸੇਵਾ ਕੇਂਦਰ ਜਾਂ ਪੰਜਾਬ ਸਰਕਾਰ ਦੇ ਕਿਸੇ ਵੀ ਦਫਤਰ ਤੱਕ ਪਹੁੰਚ ਕਰ ਸਕਦੇ ਹਨ।

ਬੁਲਾਰੇ ਨੇ ਕਿਹਾ ਕਿ ਭਰੋਸੇਯੋਗ ਸੂਤਰਾਂ ਤੋਂ ਰਿਪੋਰਟਾਂ ਮਿਲੀਆਂ ਸਨ ਕਿ ਕੁਝ ਵਿਅਕਤੀ ਸਥਾਨਕ ਨਿਵਾਸੀਆਂ ਦਾ ਨਿੱਜੀ ਡੇਟਾ ਗੈਰ-ਕਾਨੂੰਨੀ ਤੌਰ 'ਤੇ ਇਕੱਠਾ ਕਰ ਰਹੇ ਹਨ। ਰਾਜ ਸਰਕਾਰ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਸੀ ਕਿ ਉਹ ਆਪਣੀ ਨਿੱਜੀ ਜਾਣਕਾਰੀ ਅਣਅਧਿਕਾਰਤ ਵਿਅਕਤੀਆਂ ਜਾਂ ਏਜੰਸੀਆਂ ਨਾਲ ਸਾਂਝੀ ਨਾ ਕਰਨ ਕਿਉਂਕਿ ਇਸ ਦੀ ਕਿਸੇ ਵੀ ਰੂਪ ਵਿਚ ਦੁਰਵਰਤੋਂ ਹੋ ਸਕਦੀ ਹੈ। ਨਾਗਰਿਕਾਂ ਨੂੰ ਸੁਚੇਤ ਰਹਿਣ ਅਤੇ ਅਜਿਹੀ ਕਿਸੇ ਵੀ ਘਟਨਾ ਦੀ ਤੁਰੰਤ ਸਬੰਧਤ ਅਧਿਕਾਰੀਆਂ ਨੂੰ ਰਿਪੋਰਟ ਕਰਨ ਦੀ ਸਲਾਹ ਦਿੱਤੀ ਗਈ ਹੈ।


WCC

WESTERN COMMUNITY COLLEGE



JUMPSTART YOUR CAREER WITH WESTERN COMMUNITY COLLEGE!

TRAIN FOR IN-DEMAND CAREERS IN:

MASSAGE THERAPY
GRADUATE IN 52 WEEKS

AVIATION
EARN YOUR PPL & CPL

PHARMACY TECHNICIAN
HIGH-DEMAND, HIGH-PAYING FIELD

APPLY NOW: WCC.CA

## ‘ਮਾਹੌਲ ਠੀਕ ਹੈ’ ਤੋਂ ‘ਕੈਰੀ ਔਨ ਜੱਟਾ’ ਤੱਕ

# ਯਾਦਾਂ ’ਚ ਸਦੀਵੀਂ ਰਹਿਣਗੇ ਜਸਵਿੰਦਰ ਭੱਲਾ



ਜਸਵਿੰਦਰ ਭੱਲਾ ਦਾ ਨਾਮ ਪੰਜਾਬੀ ਮਨੋਰੰਜਨ ਜਗਤ ਦੇ ਦਿਲਾਂ ਵਿੱਚ ਉੱਕਰਿਆ ਹੋਇਆ ਹੈ, ਨਾ ਸਿਰਫ਼ ਉਨ੍ਹਾਂ ਦੀ ਬਾਕਮਾਲ ਮਖੌਲੀਆ ਟਾਈਮਿੰਗ ਲਈ, ਸਗੋਂ ਉਨ੍ਹਾਂ ਦੀਆਂ ਅਕਾਦਮਿਕ ਪ੍ਰਾਪਤੀਆਂ ਲਈ ਵੀ। ਫਿਲਮਾਂ ਦੇ ਵੱਡੇ ਪਰਦੇ ’ਤੇ ਆਉਣ ਤੋਂ ਬਹੁਤ ਪਹਿਲਾਂ ਹੀ ਭੱਲਾ ਸਟੇਜ ਕਾਮੇਡੀ ਵਿੱਚ ਇੱਕ ਪ੍ਰਤੀਕ ਆਵਾਜ਼ ਵਜੋਂ ਸਥਾਪਿਤ ਹੋ ਚੁੱਕੇ ਸਨ। ਉਨ੍ਹਾਂ ਮਸ਼ਹੂਰ ‘ਛਣਕਾਟਾ’ ਲੜੀ ਵਿੱਚ ਚਾਚਾ ਚਤਰ ਸਿੰਘ ਅਤੇ ਭਾਨਾ ਵਰਗੇ ਅਭੁੱਲ ਕਿਰਦਾਰ ਸਿਰਜੇ ਸਨ। 1990 ਦੇ ਦਹਾਕੇ ਵਿੱਚ ਪੰਜਾਬ ਦੇ ਘਰੇਲੂ ਵੀਡੀਓ ਸੱਭਿਆਚਾਰ ਨੇ ਉਨ੍ਹਾਂ ਦੇ ਸਕੈਚਾਂ ਨੂੰ ਲਿਵਿੰਗ-ਰੂਮ ਦੇ ਮੁੱਖ ਹਿੱਸਿਆਂ ਵਿੱਚ ਬਦਲ ਦਿੱਤਾ, ਅਤੇ ਉਨ੍ਹਾਂ ਦੇ ਕਿਰਦਾਰਾਂ ਦੇ ਮਜ਼ੇਦਾਰ ਵਨ-ਲਾਈਨਰ ਜਲਦੀ ਹੀ ਰੋਜ਼ਾਨਾ ਗੱਲਬਾਤ ਦਾ ਹਿੱਸਾ ਬਣ ਗਏ। ਅੱਜ ਵੀ, ਉਹ ਮੀਮ ਫਾਰਵਰਡ ਵਿੱਚ ਦਿਖਾਈ ਦਿੰਦੇ ਹਨ। ਘਰੇਲੂ ਵੀਡੀਓਜ਼ ਵਿੱਚ ਪੰਜਾਬੀ ਗੀਤਾਂ ਦੀਆਂ ਪੈਰੋਡੀਆਂ ਗਾਉਣ ਦੀ ਉਨ੍ਹਾਂ ਦੀ ਯੋਗਤਾ ਕਮਾਲ ਦੀ ਸੀ। ਸਰੋਤਿਆਂ ਨੂੰ ਅਸਲ ਗੀਤ ਨਾਲੋਂ ਉਨ੍ਹਾਂ ਦੀਆਂ ਪੈਰੋਡੀਆਂ ਵਧੇਰੇ ਯਾਦ ਆਉਂਦੀਆਂ ਹਨ।

ਜਿੱਥੋਂ ਤੱਕ ਉਨ੍ਹਾਂ ਦੇ ਫ਼ਿਲਮਾਂ ਵਿਚਲੇ ਸਫ਼ਰ ਦੀ ਗੱਲ ਹੈ, ਦੁੱਲ੍ਹਾ ਭੱਟੀ ਅਤੇ ਜਸਪਾਲ ਭੱਟੀ ਦੀ ਵਿਅੰਗਆਤਮਕ ਫ਼ਿਲਮ “ਮਾਹੌਲ ਠੀਕ ਹੈ” (1999) ਵਿੱਚ ਉਨ੍ਹਾਂ ਦੇ ਸ਼ੁਰੂਆਤੀ ਕਿਰਦਾਰਾਂ ਤੋਂ ਲੈ ਕੇ ‘ਜੱਟ ਐਂਡ ਜੂਲੀਅਟ’, ‘ਸਰਦਾਰ ਜੀ’ ਅਤੇ ‘ਕੈਰੀ ਔਨ ਜੱਟਾ’ ਜਿਹੀਆਂ ਦਰਸ਼ਕਾਂ ਦੀਆਂ ਪਸੰਦੀਦਾ ਫਿਲਮਾਂ ਤੱਕ, ਉਨ੍ਹਾਂ ਨੇ ਛੋਟੀ ਜਿਹੀ ਭੂਮਿਕਾ ਨੂੰ ਵੀ ਯਾਦਗਾਰ ਬਣਾਉਣ ਦੀ ਸਮਰੱਥਾ ਦਿਖਾਈ। ‘ਕੈਰੀ ਔਨ ਜੱਟਾ’ ਵਿੱਚ ਐਡਵੋਕੇਟ ਢਿੱਲੋਂ ਦਾ ਕਿਰਦਾਰ ਪ੍ਰਸ਼ੰਸਕਾਂ ਦੇ ਚੇਤਿਆਂ ਵਿਚ ਅੱਜ ਵੀ ਹੈ ਜਦੋਂ ਕਿ ‘ਸ਼ਿੰਦਾ ਸ਼ਿੰਦਾ ਨੋ ਪਾਪਾ’ (2024) ਵਿੱਚ ਉਨ੍ਹਾਂ ਦੀ ਹਾਲੀਆ ਭੂਮਿਕ ਅਦਾਕਾਰ ਦੀ ਸਥਾਈ ਸਾਰਥਕਤਾ ਦੀ ਸ਼ਾਹਦੀ ਭਰਦੀ ਹੈ।

ਆਪਣੇ ਕਲਾਤਮਕ ਕਰੀਅਰ ਦੇ ਨਾਲ-ਨਾਲ, ਭੱਲਾ ਇੱਕ ਸਤਿਕਾਰਤ ਅਕਾਦਮਿਕ ਵੀ ਸਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਪਸਾਰ ਸਿੱਖਿਆ ਵਿਭਾਗ ਦੇ ਮੁਖੀ ਵਜੋਂ ਸੇਵਾ ਨਿਭਾਉਂਦੇ ਹੋਏ ਉਨ੍ਹਾਂ ਵਿਦਵਤਾ ਨੂੰ ਵਿਅੰਗ ਨਾਲ ਜੋੜਿਆ, ਇਹ ਸਾਬਤ ਕੀਤਾ ਕਿ ਬੁੱਧੀ ਅਤੇ ਹਾਸਰਸ ਇੱਕੋ ਜਿਹੀ ਪ੍ਰਤਿਭਾ ਨਾਲ ਇਕੱਠੇ ਰਹਿ ਸਕਦੇ ਹਨ।

## ਵੱਖ-ਵੱਖ ਅਕਾਲੀ ਧੜੇ ਭੰਗ ਕਰਕੇ ਇੱਕ ਅਕਾਲੀ ਦਲ ਬਣਾਇਆ ਜਾਵੇ: ਝੀਂਡਾ



ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਦੇ ਨਾਂ ਇੱਕ ਮੰਗ ਪੱਤਰ ਦੇ ਕੇ ਅਪੀਲ ਕੀਤੀ ਹੈ ਕਿ ਸਿੱਖ ਕੌਮ ਦੇ ਬਿਹਤਰ ਭਵਿੱਖ ਵਾਸਤੇ ਸਾਰੇ ਅਕਾਲੀ ਧੜਿਆਂ ਨੂੰ ਇੱਕ ਝੰਡੇ ਹੇਠ ਅਤੇ ਇੱਕ ਪਾਰਟੀ ਹੇਠ ਇੱਕਜੁੱਟ ਕਰਨ ਲਈ ਲੋੜੀਦੇ ਕਦਮ ਚੁੱਕੇ ਜਾਣ। ਇਸ ਸਬੰਧ ਵਿੱਚ ਇੱਕ ਪੱਤਰ ਉਨ੍ਹਾਂ ਇੱਥੇ ਅਕਾਲ ਤਖਤ ਸਕੱਤਰੇਤ ਵਿਖੇ ਸੌਂਪਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਵੱਖ ਵੱਖ ਧੜੇ ਹੋਣ ਕਾਰਨ ਸਿੱਖ ਕੌਮ ਦਾ ਭਾਰੀ ਨੁਕਸਾਨ ਹੋ ਰਿਹਾ ਹੈ ਅਤੇ ਸਿੱਖ ਕੌਮ ਕਮਜ਼ੋਰ ਹੋ ਰਹੀ ਹੈ। ਸਿੱਖ ਹੋਣ ਦੇ ਨਾਤੇ ਉਨ੍ਹਾ ਦੀ ਅਪੀਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਜ਼ਰੂਰੀ ਕਦਮ ਚੁੱਕੇ ਜਾਣ। ਅਕਾਲੀ ਦਲ ਕਈ ਧੜਿਆਂ ਵਿਚ ਵੰਡਿਆ ਹੋਣ ਕਾਰਨ ਇਸ ਦੀ ਹਾਲਤ ਖਰਾਬ ਅਤੇ ਕਮਜ਼ੋਰ ਹੋ ਚੁੱਕੀ ਹੈ। ਛੋਟੀਆਂ ਛੋਟੀਆਂ ਧਿਰਾਂ ਵਿੱਚ ਵੰਡੇ ਹੋਣ ਕਾਰਨ ਸ਼੍ਰੋਮਣੀ ਅਕਾਲੀ ਦਲ ਰਾਜਨੀਤਕ ਪੱਧਰ ਤੇ ਸਿਰਫ ਇਕ ਜਾਂ ਦੋ ਸੀਟਾਂ ਤੱਕ ਸੀਮਤ ਹੋ ਕੇ ਰਹਿ ਗਿਆ ਹੈ।

ਇਹ ਸਥਿਤੀ ਦੁਨੀਆਂ ਭਰ ਵਿੱਚ ਵਸਦੇ ਸਿੱਖਾਂ ਵਾਸਤੇ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਅਪੀਲ ਕੀਤੀ ਕਿ ਪੰਜ ਤਖਤਾਂ ਦੇ ਜਥੇਦਾਰ ਅੱਗੇ ਆਉਣ ਅਤੇ ਇਸ ਸਬੰਧ ਵਿੱਚ ਦ੍ਰਿੜਤਾ ਨਾਲ ਆਦੇਸ਼ ਜਾਰੀ ਕਰਨ।

## ਜਸਵਿੰਦਰ ਭੱਲਾ ਜੀ ਦੇ ਨਾਮ

ਚਾਰ ਦਿਨਾਂ ਦਾ ਮੇਲਾ ਇੱਥੋਂ
ਸਭ ਨੇ ਤੁਰ ਜਾਣਾ
ਛੱਡ ਆਹਲਣੇ ਖਾਲ
ਸਭ ਨੇ ਉੜ ਜਾਣਾ

ਮਿੱਤਰਾ ਜਿੰਦ ਪ੍ਰਾਹੁਣੀ
ਬਰਫ਼ਾਂ ਵਾਂਗੂੰ ਖੁਰ ਜਾਣਾ
ਇਹ ਰੇਤੇ ਦੀ ਕੰਧ ਹਾਣੀਓ
ਇੱਕ ਦਿਨ ਭੁਰ ਜਾਣਾ

ਤੁਰ ਗਿਆ ਅੱਜ ਰਵਾ ਕੇ
ਜਿਹੜਾ ਨਿੱਤ ਹਸਾਉਂਦਾ ਸੀ
ਦਿਲ ਵਿੱਚ ਪਾ ਗਿਆ ਪੀੜਾਂ
ਜਿਹੜਾ ਢਿੱਡ ਚ ਪਾਉਂਦਾ ਸੀ

ਟਿੱਚਰ ਉਹਦੀ ਯਾਦ ਰਹੂਗੀ
ਕੱਲੇ ਕੱਲੇ ਨੂੰ
ਦੁਨੀਆ ਚੇਤੇ ਰੱਖੂਗੀ
ਜਸਵਿੰਦਰ ਭੱਲੇ ਨੂੰ

ਯਾਦ ਰਹਿਣੀਆਂ ਗੱਲਾਂ
ਉਹਦੇ ਕਾਲੇ ਕੋਟ ਦੀਆਂ
ਸਦਾ ਰੌਸ਼ਨੀਆਂ ਰਹਿਣਗੀਆਂ
ਉਸ ਬੁਝ ਗਈ,ਜੋਤ ਦੀਆਂ

ਛਣ ਛਣ ਹੁੰਦੀ ਰਹਿਣੀ ਆ
ਉਹਦੇ ਛਣਕਾਟੇ ਦੀ
ਯਾਦ ਹਮੇਸ਼ਾਂ ਆਊਗੀ
ਉਸ ਹਸਮੁੱਖ ਚਾਚੇ ਦੀ

ਆਪੇ ਥੱਲੇ ਸਿੱਟ ਲੈਨਾ ਤੂੰ
ਚਾਹੜ ਜਹਾਜ਼ਾਂ ਨੂੰ
ਉਡਦੀਆਂ ਚਿੜੀਆਂ ਫੜ ਲੈਨਾ
ਤੂੰ ਭੇਜ ਕੇ ਬਾਜਾਂ ਨੂੰ

ਇਹੋ ਸਵਾਲ ਨੇ ਸਦੀਆਂ ਤੋਂ
ਜੋ ਸਮਝ ਨਾ ਆਏ, ਬੰਦਿਆਂ ਨੂੰ
ਕਹਿੰਦੇ ਚੱਕ ਲੈ ਮਾੜਿਆਂ ਨੂੰ
ਕਿਉਂ ਸੱਦ ਲੈਨਾ ਏਂ,
ਚੰਗਿਆਂ ਨੂੰ

ਜੋ ਦਿੱਤਾ ਹੈ ਰੱਬ ਨੇ
ਉਹਦਾ ਸ਼ੁਕਰ ਮਨਾਇਆ ਕਰ
ਐਵੇਂ ਅੱਗ ਦੀਆਂ ਲਪਟਾਂ ਨੂੰ
ਨਾ ਜੱਫੇ ਪਾਇਆ ਕਰ

ਸਭ ਕੁਝ ਪੱਲੇ ਹੁੰਦਿਆਂ ਵੀ
ਕਿਉਂ ਹਾਏ ਹਾਏ ਕਰਦਾ ਏਂ
ਦੇਖ ਦੂਜੇ ਦੇ ਮਹਿਲਾਂ ਨੂੰ
ਕਿਉਂ ਹਾਉਕੇ ਭਰਦਾ ਏਂ

ਛੱਡ ਸਟੇਸ਼ਨ ਤੁਰ ਜਾਣਾ
ਜਿੰਦਗੀ ਦੀਆਂ ਰੇਲਾਂ ਨੇ
ਨਾ ਸ਼ਿਕਵੇ ਕਰ
ਕੁਲਵੀਰ ਸਿਆਂ

ਸਭ ਉਹਦੀਆਂ ਖੇਲਾਂ ਨੇ
ਪੱਕਿਓ ਫਲ ਉਹ ਤੋੜ ਲੈਂਦਾ
ਸਭ ਓਹਦੀਆਂ ਵੇਲਾਂ ਨੇ
ਨਾ ਡਾਣਸੀਵਾਲੀਆ ਕਰ
ਸ਼ਿਕਵੇ
ਸਭ ਉਹਦੀਆਂ ਖੇਲਾਂ ਨੇ
ਛੱਡ ਸਟੇਸ਼ਨ ਤੁਰ ਜਾਣਾ
ਜਿੰਦਗੀ ਦੀਆਂ ਰੇਲਾਂ ਨੇ

**ਕੁਲਵੀਰ ਸਿੰਘ ਡਾਨਸੀਵਾਲ**
778 863 2472


ANSATEL COMMUNICATIONS

Helping Lower Mainland Businesses Since 1983

Panasonic
ideas for life



- VOIP Telephone Systems
- VOIP Phone Lines
- Data & Telephone Cabling
- Automatic Call Distribution
- CTI (Computer Telephone Integration)
- Wireless & Corded Headsets
- Multiline Wireless Telephones
- Lease Or Rental Packages
- Service Other Makes & Models

Helping Lower Mainland Businesses Since 1983

*Customized Solutions to Suit Your Needs.*

**604-872-6500**

2148 Kingsway, Vancouver | www.ansatel.com - info@ansatel.com

24/7 SALES & SERVICE

## ਇੰਗਲੈਂਡ ਦੇ ਕਿਸੇ ਪੇਸ਼ੇਵਰ ਕਲੱਬ ਨੂੰ ਕੋਚਿੰਗ ਦੇਣ ਵਾਲੇ ਪਹਿਲੇ ਸਿੱਖ ਬਣੇ ਅਸ਼ਵੀਰ ਸਿੰਘ ਜੌਹਲ



ਅਸ਼ਵੀਰ ਸਿੰਘ ਜੌਹਲ ਇੰਗਲੈਂਡ ਦੇ ਕਿਸੇ ਪੇਸ਼ੇਵਰ ਕਲੱਬ, ਮੋਰੇਕੰਬੇ ਫੁੱਟਬਾਲ ਕਲੱਬ, ਨੂੰ ਕੋਚਿੰਗ ਦੇਣ ਵਾਲੇ ਪਹਿਲੇ ਸਿੱਖ ਬਣ ਗਏ ਹਨ। 30 ਸਾਲ ਦੇ ਜੌਹਲ ਇੰਗਲਿਸ਼ ਫੁੱਟਬਾਲ ਦੇ ਚੋਟੀ ਦੇ ਪੰਜ ਪੱਧਰਾਂ ਵਿਚ ਸੱਭ ਤੋਂ ਘੱਟ ਉਮਰ ਦੇ ਕੋਚ ਵੀ ਹਨ।

ਕਲੱਬ ਨੇ ਕਿਹਾ, ''ਉਹ ਮਜੂਮਾ ਮੋਬਾਈਲ ਸਟੇਡੀਅਮ ਵਿਚ ਇਕ ਅਗਾਂਹਵਧੂ ਸੋਚ ਵਾਲੇ ਕੋਚ ਅਤੇ ਲੀਡਰ ਵਜੋਂ ਸ਼ਾਨਦਾਰ ਪ੍ਰਸਿੱਧੀ ਦੇ ਨਾਲ ਆਏ ਹਨ। ਉਨ੍ਹਾਂ ਕੋਲ ਖਿਡਾਰੀਆਂ ਦੇ ਵਿਕਾਸ, ਰਣਨੀਤਕ ਨਵੀਨਤਾ ਅਤੇ ਉੱਚ ਪ੍ਰਦਰਸ਼ਨ ਸਭਿਆਚਾਰਾਂ ਦੇ ਨਿਰਮਾਣ ਵਿਚ ਤਜਰਬੇ ਦਾ ਭਰਪੂਰ ਖਜ਼ਾਨਾ ਹੈ। ਉਨ੍ਹਾਂ ਦੀ ਨਿਯੁਕਤੀ ਕਲੱਬ ਲਈ ਇਕ ਦਿਲਚਸਪ ਨਵੇਂ ਯੁੱਗ ਨੂੰ ਦਰਸਾਉਂਦੀ ਹੈ।''

ਜੌਹਲ ਨੇ ਲੈਸਟਰ ਸਿਟੀ ਦੀ ਅਕੈਡਮੀ ਵਿਚ 10 ਸਾਲ ਕੰਮ ਕੀਤਾ ਅਤੇ ਉਹ 2022 ਵਿਚ ਚੈਂਪੀਅਨਸ਼ਿਪ ਵਿਚ ਵਿਗਨ ਐਥਲੈਟਿਕ ਵਿਖੇ ਕੋਲੋ ਟੂਰੇ ਦੀ ਕੋਚਿੰਗ ਟੀਮ ਦਾ ਹਿੱਸਾ ਸਨ। ਉਨ੍ਹਾਂ ਨੇ ਡੇਰੇਕ ਐਡਮਜ਼ ਦੀ ਥਾਂ ਲਈ ਹੈ, ਜਿਨ੍ਹਾਂ ਨੇ ਕਲੱਬ ਉਤੇ ਪੰਜਾਬ ਵਾਰੀਅਰਜ਼ ਕੰਸੋਰਟੀਅਮ ਵਲੋਂ ਕਬਜ਼ਾ ਕਰਨ ਮਗਰੋਂ ਕਲੱਬ ਛੱਡ ਦਿਤਾ ਸੀ।

ਵਿੱਤੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿਚ ਅਸਫਲ ਰਹਿਣ ਅਤੇ ਮਾਲਕੀ ਬਾਰੇ ਅਨਿਸ਼ਚਿਤਤਾ ਸਮੇਤ ਵਿੱਤੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿਚ ਅਸਫਲ ਰਹਿਣ ਕਾਰਨ ਮੁਅੱਤਲ ਕੀਤੇ ਜਾਣ ਤੋਂ ਬਾਅਦ ਕਲੱਬ ਨੇ ਇਸ ਸੀਜ਼ਨ ਵਿਚ ਅਜੇ ਤਕ ਨੈਸ਼ਨਲ ਲੀਗ ਵਿਚ ਇਕ ਵੀ ਮੈਚ ਨਹੀਂ ਖੇਡਿਆ ਹੈ।

ਬਾਂਡ ਗਰੁੱਪ ਵਲੋਂ ਕਲੱਬ ਨੂੰ ਲੰਡਨ ਸਥਿਤ ਪੰਜਾਬ ਵਾਰੀਅਰਜ਼ ਨੂੰ ਵੇਚਣ ਦੇ ਮੁਕੰਮਲ ਹੋਣ ਤੋਂ ਬਾਅਦ ਇਹ ਮੁਅੱਤਲੀ ਹਟਾ ਦਿਤੀ ਗਈ ਹੈ, ਜਿਸ ਦਾ ਮਤਲਬ ਹੈ ਕਿ ਜੌਹਲ ਸਮੁੰਦਰੀ ਕੰਢੇ ਸਥਿਤ ਟਾਊਨ ਕਲੱਬ ਦੀ ਕਿਸਮਤ ਵਿਚ ਆਈ ਗਿਰਾਵਟ ਨੂੰ ਬਦਲਣ ਦੀ ਕੋਸ਼ਿਸ਼ ਸ਼ੁਰੂ ਕਰ ਸਕਦੇ ਹਨ।

ਉਨ੍ਹਾਂ ਕਿਹਾ ਕਿ ਇਸ ਸਮੇਂ ਤੁਰਤ ਤਰਜੀਹ ਉਨ੍ਹਾਂ ਖਿਡਾਰੀਆਂ ਦੀ ਪਛਾਣ ਕਰਨਾ ਹੈ ਜਿਨ੍ਹਾਂ ਦੀ ਕਲੱਬ ਨੂੰ ਜ਼ਰੂਰਤ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਮੋਰੇਕੰਬੇ ਫੁੱਟਬਾਲ ਕਲੱਬ ਨੈਸ਼ਨਲ ਲੀਗ ਵਿਚ ਚੰਗਾ ਪ੍ਰਦਰਸ਼ਨ ਕਰ ਸਕੇ।

## ਬੀ ਸੀ ਦੇ ਸਕੂਲ 'ਚ ਮਿਲੀਆਂ 41 ਕਬਰਾਂ

**ਐਬਟਸਫੋਰਡ:** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ 'ਚ ਮੂਲਵਾਸੀਆਂ ਦੀ ਸੰਸਥਾ ਸੀਸਲਹ ਫਸਟ ਨੇਸ਼ਨ ਵੈਸਟ ਕੋਸਟ ਵਲੋਂ ਜਾਰੀ ਕੀਤੇ ਬਿਆਨ ਵਿਚ ਦੱਸਿਆ ਗਿਆ ਹੈ ਕਿ ਕੈਨੇਡਾ ਦੇ ਆਦਿਵਾਸੀਆਂ ਦੇ ਬੱਚਿਆਂ ਲਈ ਸੀਚਲਟ ਵਿਖੇ ਬਣਾਏ ਗਏ ਸੇਂਟ ਅਗਸਟਿਨਜ਼ ਇੰਡੀਅਨ ਰੈਜੀਡੈਂਸਲ ਸਕੂਲ ਦੀ ਗਰਾਊਂਡ 'ਚੋਂ 41 ਕਬਰਾਂ ਮਿਲੀਆਂ ਹਨ। ਇਹ ਇੰਡੀਅ ਰੈਜੀਡੈਂਸਲ ਸਕੂਲ ਸੰਨ 1904 ਵਿਚ ਸਥਾਪਤ ਕੀਤਾ ਗਿਆ ਸੀ ਤੇ 1917 ਵਿਚ ਇਸ ਸਕੂਲ ਦੀ ਇਮਾਰਤ ਨੂੰ ਅੱਗ ਲਾ ਕੇ ਸਾੜ ਦਿੱਤਾ ਗਿਆ ਸੀ। ਰੋਮਨ ਕੈਥੋਲਿਕ ਚਰਚ ਦੇ ਪ੍ਰਬੰਧਕਾਂ ਵਲੋਂ ਚਲਾਏ ਗਏ ਇਸ ਸਕੂਲ ਦੀ ਸੰਨ 1922 ਵਿਚ ਦੁਬਾਰਾ ਇਮਾਰਤ ਬਣਾਈ ਗਈ ਤੇ ਫਿਰ 1975 ਵਿਚ ਉਸ ਨੂੰ ਵੀ ਅੱਗ ਲਾ ਦਿੱਤੀ ਸੀ। ਦੱਸਿਆ ਗਿਆ ਹੈ ਕਿ ਇਨ੍ਹਾਂ ਕਬਰਾਂ ਵਿਚ ਸਕੂਲੀ ਬੱਚਿਆਂ ਦੇ ਪਿੰਜਰ ਹੋਣ ਬਾਰੇ ਜਾਂਚ ਚਲ ਰਹੀ ਹੈ। ਵਰਣਨਯੋਗ ਹੈ ਕਿ 2021 ਵਿਚ ਸਸਕੈਚਵਨ ਦੇ ਇਕ ਰੈਜੀਡੈਂਸਲ ਸਕੂਲ 'ਚੋਂ 751 ਬੱਚਿਆਂ ਦੀਆਂ ਕਬਰਾਂ ਮਿਲੀਆਂ ਸਨ ਅਤੇ ਬ੍ਰਿਟਿਸ਼ ਕੋਲੰਬੀਆ ਦੇ ਕਰੇਨਬਰੁੱਕ ਦੇ ਸੇਂਟ ਈਯੂਜਨ ਮਿਸ਼ਨ ਰੈਜੀਡੈਂਸਲ ਸਕੂਲ 'ਚੋਂ 182 ਤੇ ਕੈਮਲੂਪਸ ਦੇ ਸਕੂਲ 'ਚੋਂ 215 ਬੱਚਿਆਂ ਦੇ ਪਿੰਜਰ ਮਿਲੇ ਸਨ।

## ਬਰੈਂਪਟਨ ਵਿਚ ਭਾਰਤੀ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ, ਦੂਜਾ ਗੰਭੀਰ ਜ਼ਖ਼ਮੀ



ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਅਣਪਛਾਤਿਆਂ ਨੇ ਘਰ ਵਿਚ ਦਾਖ਼ਲ ਹੋ ਕੇ ਭਾਰਤੀ ਮੂਲ ਦੇ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਹੈ। ਇਸ ਦੌਰਾਨ ਇੱਕ ਹੋਰ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ, ਜੋ ਹਸਪਤਾਲ ਵਿਚ ਜ਼ੇਰੇ ਇਲਾਜ ਹੈ। ਮਾਰੇ ਗਏ ਨੌਜਵਾਨ ਦੀ ਪਛਾਣ ਸੋਨੂੰ ਚੱਠਾ ਵਜੋਂ ਕੀਤੀ ਗਈ ਹੈ। ਜ਼ਖ਼ਮੀ ਹੋਇਆ ਵਿਅਕਤੀ ਵੀ ਭਾਰਤੀ ਹੈ, ਪਰ ਉਸ ਦੇ ਨਾਂਅ ਦੀ ਅਜੇ ਪੁਸ਼ਟੀ ਨਹੀਂ ਹੋਈ। ਉਧਰ ਘਟਨਾ ਤੋਂ ਕੁਝ ਘੰਟੇ ਬਾਅਦ ਬਿਸ਼ਨੋਈ ਗਰੁੱਪ ਵੱਲੋਂ ਇਸ ਕਤਲ ਦੀ ਜ਼ਿੰਮੇਵਾਰੀ ਲੈਣ ਦਾ ਦਾਅਵਾ ਕੀਤਾ ਗਿਆ ਹੈ, ਪਰ ਖ਼ਬਰ ਲਿਖੇ ਜਾਣ ਤੱਕ ਇਸ ਦੀ ਪੁਸ਼ਟੀ ਨਹੀਂ ਹੋ ਸਕੀ।

ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ ਪੀਲ ਪੁਲੀਸ ਦੇ ਬੁਲਾਰੇ ਸਾਰਾਹ ਪੈਟਨ ਨੇ ਦੱਸਿਆ ਕਿ ਉਨ੍ਹਾਂ ਨੂੰ ਦੇਰ ਰਾਤ ਕੈਸਲਮੋਰ ਸੜਕ 'ਤੇ ਹੰਬਰਵੈਸਟ ਪਾਰਕਵੇਅ ਕੋਲ ਇੱਕ ਘਰ 'ਚ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ ਸੀ। ਪੁਲੀਸ ਮੌਕੇ 'ਤੇ ਪਹੁੰਚੀ ਤਾਂ ਦੋ ਵਿਅਕਤੀ ਗੋਲੀਆਂ ਦੇ ਜ਼ਖ਼ਮਾਂ ਕਾਰਨ ਤੜਪ ਰਹੇ ਸਨ। ਇਨ੍ਹਾਂ ਵਿਚੋਂ ਇੱਕ ਦੀ ਉੱਥੇ ਹੀ ਮੌਤ ਹੋ ਗਈ। ਦੂਜੇ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ।

ਪੁਲੀਸ ਮੁਤਾਬਕ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗੋਲੀਬਾਰੀ ਮਿੱਥ ਕੇ ਕੀਤੀ ਗਈ, ਜੋ ਦੋ ਧਿਰਾਂ ਦੀ ਆਪਸੀ ਰੰਜਿਸ਼ ਜਾਪਦੀ ਹੈ। ਪੁਲੀਸ ਅਧਿਕਾਰੀ ਅਨੁਸਾਰ ਘਟਨਾ ਤੋਂ ਬਾਅਦ ਅਣਪਛਾਤੇ ਮੁਲਜ਼ਮਾਂ ਦੇ ਕਾਰ ਵਿੱਚ ਭੱਜੇ ਹੋਣ ਦੇ ਸੰਕੇਤ ਹਨ। ਪੁਲੀਸ ਨੇ ਖੇਤਰ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਕੈਮਰੇ ਖੰਗਾਲਣ ਤੇ ਘਟਨਾ ਨਾਲ ਸਬੰਧਤ ਫੁਟੇਜ ਪੁਲੀਸ ਨਾਲ ਸਾਂਝੀ ਕਰਨ ਤਾਂ ਕਿ ਮੁਲਜ਼ਮਾਂ ਦੀ ਪੈੜ ਨੱਪੀ ਜਾ ਸਕੇ।

## ਵੱਖ-ਵੱਖ ਅਕਾਲੀ ਧੜੇ ਭੰਗ ਕਰਕੇ ਇੱਕ ਅਕਾਲੀ ਦਲ ਬਣਾਇਆ ਜਾਵੇ: ਝੀਂਡਾ

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਦੇ ਨਾਂ ਇੱਕ ਮੰਗ ਪੱਤਰ ਦੇ ਕੇ ਅਪੀਲ ਕੀਤੀ ਹੈ ਕਿ ਸਿੱਖ ਕੌਮ ਦੇ ਬਿਹਤਰ ਭਵਿੱਖ ਵਾਸਤੇ ਸਾਰੇ ਅਕਾਲੀ ਧੜਿਆਂ ਨੂੰ ਇੱਕ ਝੰਡੇ ਹੇਠ ਅਤੇ ਇੱਕ ਪਾਰਟੀ ਹੇਠ ਇੱਕਜੁੱਟ ਕਰਨ ਲਈ ਲੋੜੀਂਦੇ ਕਦਮ ਚੁੱਕੇ ਜਾਣ।

ਇਸ ਸਬੰਧ ਵਿੱਚ ਇੱਕ ਪੱਤਰ ਉਨ੍ਹਾਂ ਇੱਥੇ ਅਕਾਲ ਤਖ਼ਤ ਸਕੱਤਰੇਤ ਵਿਖੇ ਸੌਂਪਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਵੱਖ ਵੱਖ ਧੜੇ ਹੋਣ ਕਾਰਨ ਸਿੱਖ ਕੌਮ ਦਾ ਭਾਰੀ ਨੁਕਸਾਨ ਹੋ ਰਿਹਾ ਹੈ ਅਤੇ ਸਿੱਖ ਕੌਮ ਕਮਜ਼ੋਰ ਹੋ ਰਹੀ ਹੈ।

ਸਿੱਖ ਹੋਣ ਦੇ ਨਾਤੇ ਉਨ੍ਹਾ ਦੀ ਅਪੀਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਜ਼ਰੂਰੀ ਕਦਮ ਚੁੱਕੇ ਜਾਣ। ਅਕਾਲੀ ਦਲ ਕਈ ਧੜਿਆਂ ਵਿਚ ਵੰਡਿਆ ਹੋਣ ਕਾਰਨ ਇਸ ਦੀ ਹਾਲਤ ਖ਼ਰਾਬ ਅਤੇ ਕਮਜ਼ੋਰ ਹੋ ਚੁੱਕੀ ਹੈ। ਛੋਟੀਆਂ ਛੋਟੀਆਂ ਧਿਰਾਂ ਵਿੱਚ ਵੰਡੇ ਹੋਣ ਕਾਰਨ ਸ਼੍ਰੋਮਣੀ ਅਕਾਲੀ ਦਲ ਰਾਜਨੀਤਕ ਪੱਧਰ ਤੇ ਸਿਰਫ ਇਕ ਜਾਂ ਦੋ ਸੀਟਾਂ ਤੱਕ ਸੀਮਤ ਹੋ ਕੇ ਰਹਿ ਗਿਆ ਹੈ।

ਇਹ ਸਥਿਤੀ ਦੁਨੀਆਂ ਭਰ ਵਿੱਚ ਵਸਦੇ ਸਿੱਖਾਂ ਵਾਸਤੇ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਅਪੀਲ ਕੀਤੀ ਕਿ ਪੰਜ ਤਖ਼ਤਾਂ ਦੇ ਜਥੇਦਾਰ ਅੱਗੇ ਆਉਣ ਅਤੇ ਇਸ ਸਬੰਧ ਵਿੱਚ ਦ੍ਰਿੜਤਾ ਨਾਲ ਆਦੇਸ਼ ਜਾਰੀ ਕਰਨ।

CONNECT
INSURANCE BROKERS INC.

ਸੁਪਰ ਵੀਜ਼ਾ ਇੰਸ਼ੋਰੈਂਸ

Autoplan [ Home [ Travel
Mortgage [ Tenant

Call Now: 604.553.6616

165-23233 Gilley Road Richmond, BC V6V 1E6

# ਗ਼ਦਰੀ ਬਾਬਿਆਂ ਨੂੰ ਸਮਰਪਿਤ ਰਿਹਾ ਵਿਕਟੋਰੀਆ ਦਾ ਪੰਜਾਬੀ ਮੇਲਾ













**ਵਿਕਟੋਰੀਆ,** (ਹਰਦਮ ਮਾਨ)- ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਰਾਜਧਾਨੀ ਤੇ ਖ਼ੂਬਸੂਰਤ ਸ਼ਹਿਰ ਵਿਕਟੋਰੀਆ ਦੇ ਬੈਕਵਿਥ ਪਾਰਕ ਵਿੱਚ ਪੰਜਾਬੀ ਮੇਲਾ ਮਨਾਇਆ ਗਿਆ। ਭਾਰਤ ਦੇ ਆਜ਼ਾਦੀ ਦਿਵਸ ਅਤੇ ਗ਼ਦਰੀ ਬਾਬਿਆਂ ਦੀ ਯਾਦ ਨੂੰ ਸਮਰਪਿਤ ਇਸ ਮੇਲੇ ਨੂੰ ਬੱਚਿਆਂ, ਬਜ਼ੁਰਗਾਂ ਨੇ ਪਰਿਵਾਰਕ ਮੈਂਬਰਾਂ ਨਾਲ ਬੜੇ ਉਤਸ਼ਾਹ ਨਾਲ ਮਾਣਿਆਂ। ਮੇਲੇ ਦੀ ਸ਼ੁਰੂਆਤ ਕਨੇਡਾ ਅਤੇ ਭਾਰਤ ਦੇ ਰਾਸ਼ਟਰੀ ਗੀਤ ਨਾਲ ਕੀਤੀ ਗਈ। ਭਾਰਤ ਦੇ 79ਵੇਂ ਅਜ਼ਾਦੀ ਦਿਵਸ ਮੌਕੇ ਗ਼ਦਰੀ ਬਾਬਿਆਂ ਨੂੰ ਸਿਜਦਾ ਕੀਤਾ ਗਿਆ।

ਮੇਲੇ ਵਿੱਚ ਵਿਸ਼ੇਸ਼ ਤੌਰ ‘ਤੇ ਪਹੁੰਚੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਸਾਬਕਾ ਪ੍ਰੋਫੈਸਰ ਗੋਪਾਲ ਸਿੰਘ ਬੁੱਟਰ ਅਤੇ ਰਣਜੀਤ ਸਿੰਘ ਸੰਧੂ ਨੇ ਦੇਸ਼ ਭਗਤਾਂ ਨੂੰ ਯਾਦ ਕਰਦੇ ਹੋਏ ਦੇਸ਼ ਦੀ ਵੰਡ ਬਾਰੇ ਵਿਚਾਰ ਸਾਂਝੇ ਕੀਤੇ। ਦੇਸ਼ ਭਗਤਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਉਨ੍ਹਾਂ ਕਿਹਾ ਕਿ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਅੱਜ ਅਸੀਂ ਅਜ਼ਾਦੀ ਦਾ ਅਨੰਦ ਮਾਣ ਰਹੇ ਹਾਂ। ਉਹਨਾਂ ਨੇ ਹੀ ਸਾਨੂੰ ਅਣਖ ਦੀ ਜ਼ਿੰਦਗੀ ਜਿਉਣ ਦੀ ਪ੍ਰੇਰਣਾ ਦਿੱਤੀ ਹੈ। ਇਸ ਮੌਕੇ ਬੀ.ਸੀ. ਦੇ ਖੇਤੀਬਾੜੀ ਮੰਤਰੀ ਲੈਨਾ ਪਾਪਹੈਮ, ਪਬਲਿਕ ਸੇਫਟੀ ਅਤੇ ਸੋਲਿਸਟਰ ਜਨਰਲ ਨੀਨਾ ਕਰੀਗਰ, ਵਿਕਟੋਰੀਆ ਪੁਲੀਸ ਚੀਫ ਡੈਲ ਮਾਣਕ, ਕੌਂਸਲਰ ਮੀਨਾ ਵੈਸਟਹੈਵਰ, ਕੌਲਨ ਪਲਾਂਟ ਅਤੇ ਉੱਘੇ ਸ਼ਾਇਰ ਜਸਵਿੰਦਰ ਨੇ ਆਪਣੇ ਵਿਚਾਰ ਸਾਂਝੇ ਕੀਤੇ।

ਪੰਜਾਬ ਤੋਂ ਆਈ ਗਾਇਕਾ ਖ਼ੁਸ਼ੀ ਕੌਰ ਤੇ ਐਬਸਫੋਰਡ ਤੋਂ ਪਹੁੰਚੀ ਗਾਇਕਾ ਹਰ ਸੰਧੂ ਨੇ ਖ਼ੂਬਸੂਰਤ ਸੱਭਿਆਚਾਰਕ ਗੀਤਾਂ ਨਾਲ ਮਨੋਰੰਜਨ ਕੀਤਾ।

ਮੁਟਿਆਰਾਂ ਨੇ ਰਲ ਕੇ ਬੋਲੀਆਂ ਪਾਈਆਂ ਅਤੇ ਗਿੱਧੇ ਦਾ ਖ਼ੂਬ ਰੰਗ ਬੰਨਿਆਂ। ਪ੍ਰਬੰਧਕਾਂ ਵੱਲੋਂ ਡਾ. ਗੋਪਾਲ ਸਿੰਘ ਬੁੱਟਰ ਨੂੰ ਸਮਾਜਿਕ ਸੇਵਾਵਾਂ ਲਈ ਸਨਮਾਨ ਚਿੰਨ੍ਹ ਅਤੇ ਫੁਲਕਾਰੀ ਨਾਲ ਸਨਮਾਨਿਤ ਕੀਤਾ ਗਿਆ।

ਮੇਲੇ ਵਿਚ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਤੋਂ ਸ਼ਾਇਰ ਹਰਦਮ ਮਾਨ ਅਤੇ ਸ਼ਾਇਰ ਜਸਵਿੰਦਰ ਨੇ ਉਚੇਚੇ ਤੌਰ ‘ਤੇ ਕਿਤਾਬਾਂ ਦਾ ਸਟਾਲ ਲਾਇਆ ਜਿੱਥੋਂ ਕਈ ਸਾਹਿਤ ਪ੍ਰੇਮੀਆਂ ਨੇ ਕਿਤਾਬਾਂ ਖ਼ਰੀਦਣ ਵਿੱਚ ਦਿਲਚਸਪੀ ਦਿਖਾਈ। ਮੇਲੇ ਵਿੱਚ ਬਹੁਤ ਸਾਰੇ ਵਪਾਰੀ ਭੈਣ-ਭਰਾਵਾਂ ਵੱਲੋਂ ਵੀ ਵੱਖ ਵੱਖ ਵਸਤਾਂ ਦੇ ਸਟਾਲ ਲਾਏ ਗਏ। ਗਹਿਣਿਆਂ, ਪੰਜਾਬੀ ਜੁੱਤੀਆਂ, ਸੂਟਾਂ, ਚੁੰਨੀਆਂ, ਫੁਲਕਾਰੀਆਂ ਦੇ ਸਟਾਲ ਔਰਤਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਪੰਜਾਬੀ ਕਲਚਰਲ ਕੰਮਿਊਨਿਟੀ ਐਸੋਸੀਏਸ਼ਨ ਆਫ ਵਿਕਟੋਰੀਆ ਵਲੋਂ ਖਾਣੇ ਦੀ ਸੇਵਾ ਮੇਲਾ ਖਤਮ ਹੋਣ ਤੱਕ ਮੁਫ਼ਤ ਕੀਤੀ ਗਈ।

ਅਖੀਰ ਵਿੱਚ ਡਾ. ਮੇਜਰ ਸਿੰਘ ਤਤਲਾ, ਜਗੀਰ ਸਿੰਘ ਵਿਰਕ, ਪਰਮਿੰਦਰ ਕੌਰ ਵਿਰਕ, ਤੋਸ਼ੀ ਬੈਂਸ ਅਤੇ ਸਮੁੱਚੀ ਟੀਮ ਵੱਲੋਂ ਪੰਜਾਬੀ ਮੇਲੇ ਨੂੰ ਸਫਲ ਕਰਨ ਲਈ ਸਹਿਯੋਗੀਆਂ, ਮਹਿਮਾਨਾਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ।


## ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ

**Transparent IMMIGRATION SERVICES INC**

- Visitor Visa/Extension
- Super Visa
- Study Permit/ PGWP
- LMIA
- Work Permit
- Spousal Sponsorship
- Express Entry Application
- PR Application/Renewal
- Citizenship Application
- Family Sponsorship



**Maninder Kaur** (RCIC)

**For more information Contact 778-951-8252**

#219, 7928-128 St. Surrey, British Columbia, V3W 4E8

Email: info@transparentimmigration.com

SA
MEDIA GROUP

ਪੰਜਾਬੀ ਜਰਨਲ
DELTA OFFICE:
#3 7953 120 St. Delta
BC., V4C 6P6
Ph : 604-312-5678
EMAIL:
punjabijournal@gmail.com
connect@asianjournal.ca

The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

**ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।**

RETURN UNDELIVERABLE TO
CIRCULATION WING
SA MEDIA GROUP
14308 62nd Ave.,
Surrey BC, V3S 0K5
PUBLICATION MAIL
Contract/Agreement
# is 41798524

1520799 BC Ltd
SA Media Group
(Punjabi Journal)
is not responsible or legally liable for any matter or typing mistake.

**Managing Director**
**SAHEBJIT SINGH RANDHAWA**

**For Advertising**
**Call 604-312-5678**

**Graphic Designer**
**Ash u Kashyap**

## ਕਹਾਣੀ

# ਦਰਦ ਦਾ ਦਰਿਆ'



ਸਵੇਰੇ ਸਵੇਰੇ ਉੱਠ ਕੇ ਉਹ ਆਪਣੇ ਹੱਡ ਸਮੇਟਦੀ ਹੈ। ਘਰ ਵਾਲੇ ਨੇ ਦਿਹਾੜੀ 'ਤੇ ਜਾਣੈ, ਉਹਦੇ ਲਈ ਚਾਹ ਅਤੇ ਰੋਟੀ ਤਿਆਰ ਕਰਨੀ ਹੈ। ਬਜ਼ੁਰਗ ਸੱਸ ਵੀ ਥੋੜ੍ਹੀ ਦੇਰ ਨੂੰ ਉੱਠ ਜਾਵੇਗੀ। ਉਹਨੇ ਵੀ ਉਠਦਿਆਂ ਹੀ ਅਵਾਜ਼ ਮਾਰਨੀ ਹੈ, " ਕੁੜੇ ਬਹੂ, ਚਾਹ ਲਿਆ। ਮਾੜੇ ਜਿਹੇ ਹੱਡ ਮੋਕਲੇ ਹੋ ਜਾਣ।" ਉਹ ਤੀਜੇ ਮੰਜੇ ਵੱਲ ਵੇਖਦੀ ਹੈ। ਉਹ ਮੰਜਾ ਖਾਲੀ ਹੈ। ਉਹ ਬੁੜ ਬੁੜ ਕਰਦੀ ਹੈ, ਤੜਕੇ ਹੀ ਟਿੱਬ ਗਿਐ, ਨਸ਼ੇ ਦਾ ਝੱਸ ਪੂਰਾ ਕਰਨ ਲਈ ਆਥਣੇ ਨਸ਼ੇ 'ਚ ਟੱਲੀ ਹੋਇਆ ਘਰ ਵੜੂ। ਫਿਰ ਬਾਪ ਦੀ ਦਾੜ੍ਹੀ ਪੁੱਟਣ ਤੱਕ ਜਾਂਦੈ। ਰੋਅਬ ਨਾਲ ਕਹਿੰਦੈ, "ਜਿਹੜੇ ਪੈਸੇ ਦਿਹਾੜੀ ਕਰਕੇ ਕਮਾ ਕੇ ਲਿਆਇਐਂ, ਉਹ ਮੇਰੀ ਤਲੀ 'ਤੇ ਰੱਖ, ਨਹੀਂ ਤਾਂ........। ਉਹਦੀਆਂ ਲਾਲ ਸੁਰਖ ਅੱਖਾਂ ਅਤੇ ਡਗਮਗਾਉਂਦਾ ਸਰੀਰ ਹੱਡੀਆਂ ਦੀ ਮੁੱਠ ਬਣ ਕੇ ਰਹਿ ਗਿਐ। ਘਰ ਵਿੱਚ ਕੁਝ ਨਹੀਂ ਛੱਡਿਆ।" ਉਹ ਮੱਥੇ 'ਤੇ ਹੱਥ ਧਰ ਕੇ ਡੂੰਘੀਆਂ ਸੋਚਾਂ ਵਿਚ ਰਸੋਈ ਵੱਲ ਵੱਧਦੀ ਹੈ। ਰਸੋਈ ਵਿਚ ਜਾ ਕੇ ਉਹਦੀ ਭੁੱਬ ਨਿੱਕਲ ਜਾਂਦੀ ਹੈ। ਚਾਹ ਵਾਲਾ ਬਰਤਨ ਰਸੋਈ ਵਿੱਚੋਂ ਗੁੰਮ ਹੈ। ਹਾਲਾਂ ਪਰਸੋਂ ਹੀ ਚਾਹ ਵਾਲਾ ਬਰਤਨ ਖ਼ਰੀਦਿਆ ਸੀ। ਚਾਹ ਵਾਲਾ ਅਤੇ ਖੰਡ ਵਾਲਾ ਡੱਬਾ ਵੀ ਭਾਂਅ ਭਾਂਅ ਕਰ ਰਿਹਾ ਸੀ। "ਲੈ ਗਿਆ ਕੰਜਰਾਂ ਨੂੰ ਦੇਣ ਲਈ। ਬਦਲੇ ਵਿਚ ਚਿੱਟਾ ਲਵੇਗਾ ਪਰ ਇਉਂ ਕਿੰਨਾ ਕੁ ਚਿਰ ਚੱਲੂ ਇਹ ਸਾਰਾ ਕੁਝ? ਹੁਣ ਤਾਂ ਕੰਧਾਂ ' ਲੱਗੀਆਂ ਚਾਰ ਇੱਟਾਂ ਹੀ ਰਹਿ ਗਈਆਂ, ਇਹ ਵੀ .......।" ਡੰਗ ਮਾਰਦੀਆਂ ਸੋਚਾਂ ਨਾਲ ਪਰਲ ਪਰਲ ਰੰਝੂ ਉਹਦੇ ਚਿਹਰੇ ਨੂੰ ਭਿਉਂ ਰਹੇ ਸਨ। ਫਿਰ ਉਹ ਹੌਕਾ ਭਰ ਕੇ ਆਪਣੇ ਆਪ ਨੂੰ ਮੁਖ਼ਾਤਿਬ ਹੁੰਦੀ ਹੈ, "ਤੜਕੇ ਤੜਕੇ ਕੀਹਤੋਂ ਮੰਗਣ ਜਾਵਾਂ ਇਹ ਨਿੱਕ ਸੁੱਕ? ਥੋੜ੍ਹੇ ਚਿਰ ਨੂੰ ਘਰ ਵਾਲੇ ਅਤੇ ਸੱਸ ਦੀ ਅਵਾਜ਼ ਵੀ ਆ ਜਾਣੀ ਐ।"

ਉਹ ਡੂੰਘੀ ਚਿੰਤਾ ਵਿੱਚ ਗੁਆਂਢਣ ਦੇ ਦਰ 'ਤੇ ਦਸਤਕ ਦਿੰਦੀ ਹੈ। ਅੱਥਰੂਆਂ ਭਿੱਜੀ ਆਵਾਜ਼ ਵਿਚ ਉਹ ਆਪਣੀ ਵਿਥਿਆ ਉਹਨੂੰ ਦੱਸਦੀ ਐ। ਗੁਆਂਢਣ ਉਸ ਨੂੰ ਹੌਸਲਾ ਦਿੰਦੀ ਹੈ। ਕੋਈ ਨਾ, ਰੋ ਨਾ। ਚਾਹ ਲਈ ਭਾਂਡਾ ਵੀ ਲੈ ਜਾ, ਖੰਡ ਅਤੇ ਚਾਹ ਪੱਤੀ ਵੀ। "ਉਹ ਨੂੰ ਜਾਪਿਆ ਜਿਵੇਂ ਰੱਬ ਬਹੁੜ ਗਿਆ ਹੋਵੇ। ਚਾਹ ਵਾਲਾ ਬਰਤਨ ਲੈ ਕੇ ਉਹ ਚਾਹ ਧਰ ਦਿੰਦੀ ਹੈ। ਘਰ ਵਾਲੇ ਨੂੰ ਉਹ ਕੁਝ ਨਹੀਂ ਦੱਸਦੀ। ਸਾਰਾ ਦਿਨ ਕਲਪੂਗਾ ਇਹ। ਇਹਨੂੰ ਕਾਹਨੂੰ ਤੰਗ ਕਰਨੈ। ਜੇ ਚਿੰਤਾ ਵਿੱਚ ਬਿਮਾਰ ਹੋ ਗਿਆ, ਫਿਰ ਤਾਣੀ ਹੋਰ ਉਲਝੇਗੀ। ਇਹ ਸੋਚਦਿਆਂ ਉਹ ਦੜ ਵੱਟ ਜਾਂਦੀ ਹੈ। ਭਰੇ ਮਨ ਨਾਲ ਉਹ ਉਧਾਰ ਲਏ ਸਮਾਨ ਨਾਲ ਚਾਹ ਤਿਆਰ ਕਰਕੇ ਪਤੀ ਅਤੇ ਸੱਸ ਨੂੰ ਦੇ ਆਉਂਦੀ ਹੈ। ਪਰ ਉਹਦੇ ਅੰਦਰ ਗ਼ਮਗੀਨ ਸੋਚਾਂ ਦੇ ਪਾਏ ਖੌਰੂ ਕਾਰਨ ਚਾਹ ਦਾ ਘੁੱਟ ਉਹਦੇ ਅੰਦਰ ਨਹੀਂ ਲੰਘਦਾ। ਪਤੀ ਲਈ ਚਾਰ ਰੋਟੀਆਂ ਤਿਆਰ ਕਰਨ ਲਈ ਉਹ ਫਿਰ ਚੁੱਲ੍ਹੇ ਦੁਆਲੇ ਹੋ ਜਾਂਦੀ ਹੈ। ਅਚਾਰ ਨਾਲ ਰੋਟੀ ਪੋਣੇ ਵਿਚ ਲਪੇਟ ਕੇ ਉਹ ਘਰ ਵਾਲੇ ਦੇ ਸਾਈਕਲ ਦੀ ਟੋਕਰੀ ਵਿਚ ਰੱਖ ਦਿੰਦੀ ਹੈ। ਪਤੀ ਥੋੜ੍ਹੀ ਦੇਰ ਬਾਅਦ ਰਸੋਈ ਵਿਚ ਆਉਂਦਾ ਹੈ ਅਤੇ ਪਤਨੀ ਨੂੰ ਗ਼ਮਗੀਨ ਵੇਖ ਕੇ ਉਦਾਸ ਮਨ ਨਾਲ ਕਹਿੰਦਾ ਹੈ, "ਕਿਧਰ ਗਿਆ ਕਰਮਾ ? ਦਿਖਾਈ ਨਹੀਂ ਦਿੰਦਾ?" ਪਹਿਲਾਂ ਉਹ ਗੁੰਮ ਸੁੰਮ ਰਹਿੰਦੀ ਹੈ ਅਤੇ ਫਿਰ ਉਸਦੀ ਭੁੱਬ ਨਿਕਲ ਜਾਂਦੀ ਹੈ। "ਡੁੱਬ ਜਾਣੇ ਨੇ ਘਰ 'ਚ ਕੁਝ ਨਹੀਂ ਛੱਡਿਆ। ਮੇਰੀ ਪੇਟੀ ਖਾਲੀ ਕਰਤੀ। ਘਰ ਦਾ ਸਾਰਾ ਸਮਾਨ ਵੇਚ ਦਿੱਤਾ। ਹੁਣ ਜਿਹੜਾ ਤੂੰ ਪਰਸੋਂ ਚਾਹ ਵਾਲਾ ਪਤੀਲਾ ਲੈ ਕੇ ਆਇਆ ਸੀ, ਉਹ ਵੀ ਲੈ ਗਿਆ। ਨਾਲ ਖੰਡ ਤੇ ਚਾਹ ਵੀ। ਹੁਣ ਗੁਆਂਢੀਆਂ ਦਿਉਂ ਲਿਆ ਕੇ ਬੁੱਤਾ ਸਾਰਿਐ। ਕਿਧਰ ਨੂੰ ਜਾਈਏ ? ਜਿਉਣਾ ਦੁੱਭਰ ਹੋ ਗਿਆ।" ਘਰ ਵਾਲੇ ਦੇ ਚਿਹਰੇ 'ਤੇ ਵੀ ਉਦਾਸੀ ਦੀ ਪਰਤ ਜੰਮ ਜਾਂਦੀ ਹੈ। "ਕੋਈ ਨਹੀਂ, ਅੱਜ ਮੈਂ ਦਿਹਾੜੀ ਤੇ ਨਹੀਂ ਜਾਂਦਾ। ਇਹਦਾ ਕਰਦਾਂ ਕੋਈ ਬੰਨ੍ਹ ਸੁਬ੍ਹ।"

ਉਹ ਭਰਿਆ ਪੀਤਾ ਅੱਠ ਮੀਲ ਦਾ ਪੈਂਡਾ ਤਹਿ ਕਰਕੇ ਪਹਿਲਾਂ ਪੁਲਿਸ ਸਟੇਸ਼ਨ ਪੁੱਜਦਾ ਹੈ। ਥਾਣੇ ਵਿਚ ਦੋ ਸਿਪਾਹੀ ਬੈਠੇ ਸਨ। ਬਜ਼ੁਰਗ ਦੇ ਪੁੱਛਣ 'ਤੇ ਉਨ੍ਹਾਂ ਨੇ ਦੱਸਿਆ ਕਿ ਅੱਜ ਮੰਤਰੀ ਜੀ ਨੇ ਆਉਣੈ। ਸਾਰੇ ਮੁਲਾਜ਼ਮਾਂ ਦੀ ਨਾਕਿਆਂ ਤੇ ਡਿਊਟੀ ਲੱਗੀ ਐ। ਇਥੇ ਤਾਂ ਬੱਸ ਅਸੀਂ ਦੋ ਹੀ ਹਾਂ ।" ਕਿਵੇਂ ਆਇਐਂ ? ਕੋਈ ਵਾਰਦਾਤ ਹੋ ਗਈ? " ਸਿਪਾਹੀ ਨੇ ਇੱਕੋ ਸਾਹੇ ਪੁੱਛਿਆ। ਉਹ ਆਪਣਾ ਦੁੱਖ ਦਸਦਿਆਂ ਭੁੱਬੀਂ ਰੋ ਪੈਂਦਾ ਹੈ। "ਇਕਲੌਤੇ ਨਸ਼ਈ ਪੁੱਤ ਨੇ ਘਰ ਨੂੰ ਮੂਧੇ ਮੂੰਹ ਕਰ ਦਿੱਤਾ। ਘਰ 'ਚ ਕੁਝ ਨਹੀਂ ਛੱਡਿਆ। ਸਾਡੇ ਤੇ ਹੱਥ ਵੀ ਚੁੱਕਦੈ। ਗਲ-ਗੂਠਾ ਦੇ ਕੇ ਨਸ਼ਾ ਕਰਨ ਲਈ ਪੈਸੇ ਭਾਲਦੈ। ਭਲਾ, ਅਸੀਂ ਉਹਨੂੰ ਰੋਜ਼ ਕਿਥੋਂ ਦਈਏ ਰੋਕੜੀ? ਹੁਣ ਸਾਨੂੰ ਆਪਣੀ ਜਾਨ ਦਾ ਖ਼ਤਰਾ ਹੈ। ਸਾਡਾ ਬਚਾਅ ਕਰੋ।" ਸਿਪਾਹੀ ਇੱਕ ਟੁੱਕ ਜਵਾਬ ਦਿੰਦੈ, "ਦੇਖ ਤੇਰੇ ਸਾਹਮਣੇ ਥਾਣਾ ਖਾਲੀ ਪਿਐ। ਥਾਣਾ ਛੱਡ ਕੇ ਕਿਵੇਂ ਜਾਈਏ? ਇਉਂ ਕਰ, ਨੇੜੇ ਸਰਕਾਰੀ ਨਸ਼ਾ ਛੁਡਾਊ ਕੇਂਦਰ ਹੈ। ਉਨ੍ਹਾਂ ਨਾਲ ਗੱਲ ਕਰ।" ਉਹ ਭਰੇ ਮਨ ਨਾਲ ਸਰਕਾਰੀ ਨਸ਼ਾ ਛੁਡਾਊ ਕੇਂਦਰ ਦਾ ਰੁਖ਼ ਕਰਦਾ ਹੈ। ਨਸ਼ਾ ਛੁਡਾਊ ਕੇਂਦਰ ਵਿਚ ਪਹੁੰਚਣ 'ਤੇ ਉਹ ਭਾਰੀ ਇਕੱਠ ਵੇਖ ਕੇ ਕਿਸੇ ਵਿਅਕਤੀ ਨੂੰ ਪੁੱਛਦਾ ਹੈ, "ਕਿਵੇਂ ਐਥੇ ਐਨੀ ਭੀੜ ਐ?" ਪੁੱਛਣ ਵਾਲਾ ਵਿਅਕਤੀ ਜਵਾਬ ਦਿੰਦਾ ਹੈ, "ਬਾਬਾ, ਇਹ ਸਾਰੇ ਅਮਲੀ ਨੇ।

ਜੀਭ ਤੇ ਰੱਖਣ ਵਾਲੀ ਗੋਲੀ ਲੈਣ ਆਏ ਨੇ। ਐਨਾ ਕੁ ਅਮਲੀਆਂ ਦਾ ਮੇਲਾ ਤਾਂ ਇਥੇ ਰੋਜ਼ ਹੀ ਰਹਿੰਦੈ।" ਅੱਕਿਆ ਜਿਹਾ ਉਹ ਲੰਮੀ ਕਤਾਰ ਵਿਚ ਜਾ ਖੜੋਂਦਾ ਹੈ। ਵਾਰੀ ਆਉਣ ਤੇ ਵਿੰਡੋ ਰਾਹੀਂ ਨਰਸ ਉਸਨੂੰ ਕਹਿੰਦੀ ਹੈ, "ਲਿਆਉ ਆਪਣਾ ਕਾਰਡ" ਉਹ ਭਮੰਤਰਿਆ ਜਿਹਾ ਜਵਾਬ ਦਿੰਦਾ ਹੈ, "ਮੈਂ ਤਾਂ ਬੀਬੀ ਡਾਕਟਰ ਸਾਹਿਬ ਨੂੰ ਮਿਲਣੈ। ਮੇਰਾ ਮੁੰਡਾ ਨਸ਼ਾ ਕਰਦੈ। ਉਹਦੇ ਪਿੱਛੇ ਪੁੱਛਣੈ।" "ਫਿਰ ਬਾਬਾ ਦੂਜੇ ਗੇਟ ਜਾਉ। ਡਾਕਟਰ ਸਾਹਿਬ ਉਥੇ ਬੈਠਦੇ ਨੇ। "ਉਥੋਂ ਨਿਕਲ ਕੇ ਉਹ ਦੂਸਰੇ ਗੇਟ ਜਾਂਦਾ ਹੈ। ਉਥੇ ਵੀ ਉਹ ਨੂੰ ਲੰਮੀ ਕਤਾਰ ਵਿਚ ਖੜੋਣਾ ਪਿਆ। ਉਹਦੀ ਵਾਰੀ ਆਉਣ ਤੇ ਉਹਨੇ ਡਾਕਟਰ ਨੂੰ ਕਿਹਾ, "ਮੇਰਾ ਮੁੰਡਾ ਬਾਹਲਾ ਨਸ਼ਾ ਕਰਦੈ ਜੀ। ਉਹਨੂੰ ਨਰਕ ਵਿੱਚੋਂ ਕੱਢੋ। ਬਹੁਤ ਦੁਖੀ ਹਾਂ ਅਸੀਂ।" "ਮੁੰਡਾ ਕਿੱਥੇ ਐ?" ਡਾਕਟਰ ਨੇ ਪੁੱਛਿਆ। "ਉਹ ਤਾਂ ਜੀ ਨਸ਼ਾ ਡੱਫਣ ਲਈ ਬਾਹਰ ਧੱਕੇ ਖਾਂਦਾ ਫਿਰਦੈ।"

"ਫਿਰ ਬਾਬਾ, ਇਲਾਜ ਤਾਂ ਅਸੀਂ ਮੁੰਡੇ ਦਾ ਕਰਨੈ। ਜੇ ਉਹ ਇਲਾਜ ਕਰਵਾਉਣਾ ਨਹੀਂ ਚਾਹੁੰਦਾ। ਫਿਰ ਭਲਾ ਅਸੀਂ ਧੱਕੇ ਨਾਲ ਇਲਾਜ ਕਿਵੇਂ ਕਰੀਏ? ਤੁਸੀਂ ਮੁੰਡੇ ਨੂੰ ਲਿਆਓ। ਫਿਰ ਦੇਖਦੇ ਆਂ।" ਇਹ ਕਹਿ ਕੇ ਉਸ ਦਾ ਧਿਆਨ ਦੂਜੇ ਨਸ਼ੱਈ ਮਰੀਜ਼ ਵੱਲ ਚਲਾ ਗਿਆ।

ਉਹ ਭਰਿਆ ਪੀਤਾ ਬਾਹਰ ਆ ਗਿਆ। ਉਸਨੂੰ 'ਯੁੱਧ ਨਸ਼ਿਆਂ ਵਿਰੁੱਧ' ਢਕਵੰਜ ਜਿਹਾ ਲੱਗਿਆ।

ਇੰਜ ਬਜ਼ੁਰਗ ਨੂੰ ਬੌਂਦਲਿਆ ਜਿਹਾ ਵੇਖ ਕੇ ਇਕ ਵਿਅਕਤੀ ਨੇ ਉਸ ਨੂੰ ਸਮਝਾਇਆ, "ਇਹ ਤਾਂ ਉਨ੍ਹਾਂ ਦਾ ਇਲਾਜ ਕਰਦੇ ਨੇ ਜਿਹੜੇ ਆਪ ਚੱਲ ਕੇ ਆਉਣ ਜਾਂ ਫਿਰ ਪੁਲਿਸ ਵਾਲੇ ਲੈ ਕੇ ਆਉਣ।

ਮੇਰੀ ਨਿਗਾਹ ਵਿਚ ਇਕ ਨਸ਼ਾ ਛੁਡਾਊ ਕੇਂਦਰ ਹੈਗਾ, ਪਰ ਉਹ ਇਲਾਜ ਲਈ ਰੁਪੱਈਆਂ ਦੇ ਬੁੱਕ ਮੰਗਦੇ ਨੇ।"

"ਕੋਈ ਨਹੀਂ, ਮੈਨੂੰ ਉਸ ਸੈਂਟਰ ਦਾ ਥਹੁ -ਦਸ ਦੇ। ਮੈਂ ਆਪਣਾ ਆਪ ਵੇਚ ਕੇ ਉਹਦਾ ਇਲਾਜ ਕਰਵਾਊਂਗਾ।" ਉਸ ਵਿਅਕਤੀ ਨੇ ਬਜ਼ੁਰਗ ਨੂੰ ਉਸਦਾ ਥਹੁ-ਟਿਕਾਣਾ ਦੱਸ ਦਿੱਤਾ ਅਤੇ ਨਾਲ ਹੀ ਮੋਬਾਇਲ ਨੰਬਰ ਵੀ ਦੇ ਦਿੱਤਾ।" ਬਜ਼ੁਰਗ ਦੇ ਮਿੰਨਤ ਕਰਨ ਤੇ ਉਸਨੇ ਸੈਂਟਰ ਵਾਲਿਆਂ ਨਾਲ ਮੋਬਾਇਲ ਮਿਲਾ ਕੇ ਗੱਲ ਕਰਨ ਲਈ ਕਿਹਾ। ਅੱਗਿਉਂ ਸੈਂਟਰ ਵਾਲੇ ਨੇ ਇਲਾਜ ਕਰਨ ਦੀ ਪੂਰੀ ਤਸੱਲੀ ਦਿੱਤੀ। ਖ਼ਰਚ ਪੰਦਰਾਂ ਹਜ਼ਾਰ ਰੁਪਏ ਪ੍ਰਤੀ ਮਹੀਨਾ ਅਤੇ ਪਿੰਡੋਂ ਉਸਨੂੰ ਲਿਆਉਣ ਦਾ ਅੱਠ ਹਜ਼ਾਰ ਵੱਖਰਾ ਲੈਣ ਸਬੰਧੀ ਦੱਸਿਆ। ਬਜ਼ੁਰਗ ਨੇ ਹੌਕਾ ਭਰ ਕੇ ਕਿਹਾ, "ਕੋਈ ਨਹੀਂ ਜੀ, ਪੈਸਿਆਂ ਦਾ ਬੰਦੋਬਸਤ ਕਰਕੇ ਥੋਨੂੰ ਦੱਸਦੇ ਆਂ।" ਇਸ ਖਲਜਗਨ ਵਿਚ ਹੀ ਉਸਦੀ ਅੱਧੀ ਦਿਹਾੜੀ ਲੱਗ ਗਈ। ਫਿਰ ਉਹ ਪੈਸਿਆਂ ਦੇ ਜੁਗਾੜ ਲਈ ਦਰ ਦਰ ਭਟਕਿਆ।

ਕਈ ਥਾਵਾਂ ਤੇ ਹੱਥ ਟੱਡੇ। ਪਰ ਕਿਤੋਂ ਖੈਰ ਨਹੀਂ ਪਈ। ਆਖ਼ਰ ਉਹ ਪਿੰਡ ਦੇ ਸਰਦਾਰ ਕੋਲ ਗਿਆ। ਸਰਦਾਰ ਨੇ ਮੁੰਡੇ ਦੇ ਇਲਾਜ ਦਾ ਖਰਚਾ ਤਾਂ ਓਟ ਲਿਆ, ਪਰ ਨਾਲ ਹੀ ਇਹ ਵੀ ਸ਼ਰਤ ਲਾ ਦਿੱਤੀ ਕਿ ਬਦਲੇ ਵਿਚ ਤੈਨੂੰ ਖੇਤ ਅਤੇ ਤੇਰੀ ਪਤਨੀ ਨੂੰ ਕੋਠੀ ਕੰਮ ਕਰਨਾ ਪਵੇਗਾ। ਥੋਡੀ ਦੋਨਾਂ ਦੀ ਅਤੇ ਤੇਰੀ ਮਾਂ ਦੀ ਰੋਟੀ ਦਾ ਜੁਗਾੜ ਵੀ ਅਸੀਂ ਕਰ ਦੇਵਾਂਗੇ। ਮੁੰਡੇ ਦੇ ਇਲਾਜ ਲਈ ਪਹਿਲੀ ਕਿਸ਼ਤ ਦੀ ਅਦਾਇਗੀ ਲਈ ਸਰਦਾਰ ਨੇ ਤੀਹ ਹਜ਼ਾਰ ਰੁਪਏ ਉਸ ਨੂੰ ਦੇ ਦਿੱਤੇ। ਉਸਨੇ ਸਰਦਾਰ ਦੇ ਹੱਥ ਜੋੜਦਿਆਂ ਕਿਹਾ, "ਕੱਲ੍ਹ ਨੂੰ ਅਸੀਂ ਮੁੰਡੇ ਨੂੰ ਸੈਂਟਰ ਚੁਕਾ ਦਿਆਂਗੇ ਅਤੇ ਪਰਸੋਂ ਨੂੰ ਮੈਂ ਅਤੇ ਘਰ ਵਾਲੀ ਥੋਡੀ ਸੇਵਾ ਵਿਚ ਹਾਜ਼ਰ ਹੋ ਜਾਵਾਂਗੇ।" ਸਰਦਾਰ ਦੇ ਫੋਨ ਤੋਂ ਹੀ ਉਸਨੇ ਸੈਂਟਰ ਵਾਲਿਆਂ ਨੂੰ ਆਉਣ ਦਾ ਸੁਨੇਹਾ ਦੇ ਦਿੱਤਾ। ਜਵਾਬ ਵਿੱਚ ਸੈਂਟਰ ਵਾਲਿਆਂ ਵੱਲੋਂ ਬਜ਼ੁਰਗ ਦਾ ਐਡਰੈਸ ਲਿਖਣ ਤੋਂ ਪਿੱਛੋਂ ਕਿਹਾ ਕਿ ਅਸੀਂ ਸਵੇਰੇ ਚਾਰ ਵਜੇ ਉਸਨੂੰ ਸੁੱਤੇ ਪਏ ਨੂੰ ਚੁੱਕਾਂਗੇ। ਤੁਸੀਂ ਬੂਹਾ ਖੋਲ੍ਹ ਦੇਣਾ।

ਅਗਲੇ ਦਿਨ ਸਵੇਰੇ ਹੀ ਪੁਲਿਸ ਦੇ ਛਾਪੇ ਮਾਰਨ ਵਾਂਗ ਪੰਜ ਛੇ ਮੁੰਡੇ ਡਾਂਗਾਂ ਨਾਲ ਲੈੱਸ ਬਜ਼ੁਰਗ ਦੇ ਘਰ ਪੁੱਜ ਗਏ। ਬਜ਼ੁਰਗ ਨੇ ਉਸ ਦੇ ਮੰਜੇ ਵੱਲ ਇਸ਼ਾਰਾ ਕਰ ਦਿੱਤਾ। ਮੁੰਡਿਆ ਨੇ ਉਸ ਨੂੰ ਉਠਾਇਆ ਅਤੇ ਫਿਰ ਥੱਪੜਾਂ ਨਾਲ ਉਸ ਨੂੰ ਬੁੰਦਲਾ ਦਿੱਤਾ। ਉਸ ਨੂੰ ਸੋਚਣ ਦਾ ਮੌਕਾ ਹੀ ਨਹੀਂ ਦਿੱਤਾ। ਉਸ ਨੂੰ ਧੱਕੇ ਨਾਲ ਕਾਰ 'ਚ ਲੈ ਗਏ। ਜਾਂਦੇ ਹੋਏ ਬਜ਼ੁਰਗ ਤੋਂ ਤੇਈ ਹਜ਼ਾਰ ਰੁਪਏ ਵੀ ਲੈ ਗਏ । ਬੂਹਾ ਖੋਲ੍ਹ ਕੇ ਉਹ ਭਰੇ ਮਨ ਨਾਲ ਜਾਂਦੀ ਕਾਰ ਵੱਲ ਵਿਹੰਦੇ ਰਹੇ ਅਤੇ ਫਿਰ ਦੋਨੋਂ ਹੀ ਇਕ ਦੂਜੇ ਦੇ ਗਲ ਲੱਗ ਕੇ ਭੁੱਬੀਂ ਰੋ ਪਏ।

**ਮੋਹਨ ਸ਼ਰਮਾ**

# ਸੌਖਾ ਨਹੀਂ ਕੈਨੇਡਾ 'ਚ ਵਿਦਿਆਰਥੀ ਜੀਵਨ

ਇਕ ਸਮਾਂ ਅਜਿਹਾ ਵੀ ਸੀ ਜਦੋਂ ਕੈਨੇਡਾ ਨੂੰ ਭਾਰਤੀ ਵਿਦਿਆਰਥੀਆਂ ਦੀ 'ਸੁਪਨ ਨਗਰੀ' ਕਿਹਾ ਜਾਂਦਾ ਸੀ। ਹੁਣ ਇਹ ਸੁਪਨਾ ਬੁਰੀ ਤਰ੍ਹਾਂ ਟੁੱਟਦਾ ਜਾ ਰਿਹਾ ਹੈ। ਇਸ ਦੇ ਬਾਵਜੂਦ ਅਮਰੀਕਾ ਤੋਂ ਬਾਅਦ ਕੈਨੇਡਾ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਇਹੀ ਕਾਰਨ ਹੈ ਕਿ ਹਰ ਦਿਨ ਭਾਰਤੀ ਵਿਦਿਆਰਥੀਆਂ ਦੇ ਜਹਾਜ਼ ਭਰ ਕੇ ਕੈਨੇਡਾ ਜਾਂਦੇ ਹਨ। ਕੈਨੇਡਾ ਜਾਣ ਵਾਲੇ ਇਨ੍ਹਾਂ ਵਿਦਿਆਰਥੀਆਂ ਦੀਆਂ ਅੱਖਾਂ ਵਿਚ ਅਨੇਕਾਂ ਸੁਪਨੇ ਹੁੰਦੇ ਹਨ ਪਰ ਜਦੋਂ ਉਥੇ ਜਾ ਕੇ ਉਨ੍ਹਾਂ ਦੇ ਸੁਪਨਿਆਂ ਤੋਂ ਉਲਟ ਉਸ ਦੇਸ਼ ਦੀ ਅਸਲੀਅਤ ਸਾਹਮਣੇ ਆਉਂਦੀ ਹੈ ਤਾਂ ਇਨ੍ਹਾਂ ਦੇ ਸਾਰੇ ਸੁਪਨੇ ਚਕਨਾਚੂਰ ਹੋ ਜਾਂਦੇ ਹਨ।

ਕਿਸੇ ਸਮੇਂ ਵਿਸ਼ਵ ਦੀ ਵੱਡੀ ਆਰਥਿਕ ਸ਼ਕਤੀ ਰਹੇ ਕੈਨੇਡਾ ਦੀ ਹਾਲਤ ਇਸ ਸਮੇਂ ਇਹ ਹੈ ਕਿ ਉਥੇ ਰੁਜ਼ਗਾਰ, ਰਿਹਾਇਸ਼ ਦੀ ਘਾਟ, ਦਿਨੋਂ-ਦਿਨ ਵਧ ਰਹੀ ਮਹਿੰਗਾਈ, ਸਿਹਤ ਅਤੇ ਆਵਾਜਾਈ 'ਤੇ ਵਧਦੇ ਦਬਾਅ ਸਮੇਤ ਅਨੇਕਾਂ ਵੱਡੀਆਂ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ। ਇਸ ਕਾਰਨ ਕੈਨੇਡਾ ਦੇ ਅਨੇਕਾਂ ਵਸਨੀਕ ਇਸ ਦੇਸ਼ ਨੂੰ ਛੱਡ ਕੇ ਅਮਰੀਕਾ ਅਤੇ ਹੋਰ ਮੁਲਕਾਂ 'ਚ ਚਲੇ ਗਏ ਹਨ। ਇੱਥੇ ਦੀ ਨਵੀਂ ਸਰਕਾਰ ਭਾਵੇਂ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਉਪਰਾਲੇ ਕਰਨ ਦੇ ਦਾਅਵੇ ਕਰ ਰਹੀ ਹੈ ਪਰ ਇਸ ਦੇ ਮੌਜੂਦਾ ਹਾਲਤ ਤੋਂ ਪੂਰੀ ਦੁਨੀਆ ਜਾਣੂੰ ਹੈ। ਕੈਨੇਡਾ 'ਚ ਮਾਨਸਿਕ ਤਣਾਅ, ਪਰਿਵਾਰ ਤੋਂ ਦੂਰ ਰਹਿਣ ਦਾ ਤਜਰਬਾ, ਕੰਮ ਨਾ ਮਿਲਣ ਦਾ ਦਬਾਅ ਵਿਦਿਆਰਥੀ ਜੀਵਨ ਦੇ ਸੰਘਰਸ਼ ਦਾ ਹਿੱਸਾ ਬਣੇ ਹੋਏ ਹਨ। ਇਸ ਦੇ ਬਾਵਜੂਦ ਪੰਜਾਬ ਸਮੇਤ ਭਾਰਤ ਦੇ ਲੋਕਾਂ ਵਿਚ ਇੱਥੇ ਜਾਣ ਦੀ ਜੋ ਚਾਹਤ ਦਿਨੋਂ ਦਿਨ ਵਧ ਰਹੀ ਹੈ, ਉਹ ਜ਼ਰੂਰ ਕਈ ਸਵਾਲ ਖੜ੍ਹੇ ਕਰਦੀ ਹੈ।

ਭਾਰਤ ਵਿਚ ਜਿਹੜੇ ਵਿਦਿਆਰਥੀਆਂ ਨੇ ਆਪਣੇ ਹੱਥ ਨਾਲ ਪਾਣੀ ਦਾ ਗਿਲਾਸ ਵੀ ਨਹੀਂ ਚੁੱਕਿਆ ਹੁੰਦਾ, ਉਨ੍ਹਾਂ ਨੂੰ ਵੀ ਕੈਨੇਡਾ ਵਿਚ ਜਾ ਕੇ ਸ਼ਿਫਟਾਂ ਵਿਚ ਕੰਮ ਕਰਨਾ ਪੈਂਦਾ ਹੈ ਅਤੇ ਬੇਸਮੈਂਟਾਂ ਵਿਚ ਰਹਿਣ ਲਈ ਮਜਬੂਰ ਹੋਣਾ ਪੈਂਦਾ ਹੈ। ਫਿਰ ਅਜਿਹੇ ਵਿਦਿਆਰਥੀ ਉਸ ਸਮੇਂ ਨੂੰ ਪਛਤਾਉਂਦੇ ਹਨ ਜਦੋਂ ਉਹ ਦਿੱਲੀ ਦੇ ਏਅਰਪੋਰਟ ਦੀਆਂ ਰੰਗ-ਬਿਰੰਗੀਆਂ ਰੋਸ਼ਨੀਆਂ ਵਿਚ ਅੱਖਾਂ ਵਿਚ ਅਨੇਕਾਂ ਸੁਪਨੇ ਲੈ ਕੇ ਇਸ ਮੁਲਕ ਲਈ ਜਹਾਜ਼ ਚੜ੍ਹੇ ਸਨ।

ਅੰਕੜੇ ਕਹਿੰਦੇ ਹਨ ਕਿ ਕੈਨੇਡਾ 'ਚ ਸਾਲ 2023 ਦੌਰਾਨ 1,040,985 ਕੌਮਾਂਤਰੀ ਵਿਦਿਆਰਥੀ ਸਟੱਡੀ ਵੀਜ਼ਾ 'ਤੇ ਰਹਿ ਰਹੇ ਸਨ। ਜੋ ਕਿ 2022 ਨਾਲੋਂ 29 ਫ਼ੀਸਦੀ ਵੱਧ ਸਨ। ਸੰਸਾਰ ਭਰ ਵਿਚਲੇ ਕੌਮਾਂਤਰੀ ਵਿਦਿਆਰਥੀਆਂ ਵਿਚੋਂ ਹਰ 10 ਵਿਚੋਂ 4 ਵਿਦਿਆਰਥੀ ਭਾਰਤੀ ਹਨ।

ਕੈਨੇਡਾ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਾ ਪਰਮਿਟਾਂ ਦੀ ਗਿਣਤੀ ਨੂੰ ਲਗਾਤਾਰ ਘਟਾ ਰਿਹਾ ਹੈ।

ਕੈਨੇਡੀਅਨ ਸਰਕਾਰ ਦੇ ਇਮੀਗ੍ਰੇਸ਼ਨ ਰਿਫਿਊਜ਼ੀ ਐਂਡ ਸਿਟੀਜ਼ਨਸ਼ਿਪ ਵਿਭਾਗ ਨੇ ਨਵੇਂ ਅੰਕੜੇ ਜਾਰੀ ਕੀਤੇ ਹਨ ਜਿਸ ਅਨੁਸਾਰ 2025 ਦੀ ਪਹਿਲੀ ਤਿਮਾਹੀ ਵਿਚ ਸਿਰਫ਼ 30,640 ਭਾਰਤੀ ਵਿਦਿਆਰਥੀਆਂ ਨੂੰ ਪਰਮਿਟ ਜਾਰੀ ਕੀਤੇ ਗਏ ਸਨ। ਪਿਛਲੇ ਸਾਲ ਦੀ ਪਹਿਲੀ ਤਿਮਾਹੀ ਦੇ ਮੁਕਾਬਲੇ ਕੈਨੇਡਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਵਿਚ 31 ਫ਼ੀਸਦੀ ਦੀ ਕਮੀ ਆਈ ਹੈ। 2024 ਦੀ ਪਹਿਲੀ ਤਿਮਾਹੀ ਵਿਚ 44,295 ਭਾਰਤੀ ਵਿਦਿਆਰਥੀਆਂ ਨੂੰ ਪਰਮਿਟ ਜਾਰੀ ਕੀਤੇ ਗਏ ਸਨ।

ਦਰਅਸਲ, ਕੈਨੇਡੀਅਨ ਸਰਕਾਰ ਵਿਦੇਸ਼ਾਂ ਤੋਂ ਪੜ੍ਹਾਈ ਲਈ ਕੈਨੇਡਾ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨੂੰ ਕੰਟਰੋਲ ਕਰਨਾ ਚਾਹੁੰਦੀ ਹੈ। ਸਾਲ 2023 ਵਿਚ ਉਸ ਨੇ 6,81,155 ਵਿਦੇਸ਼ੀ ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਕੀਤੇ, ਜਿਨ੍ਹਾਂ ਵਿਚੋਂ 2,78,045 ਭਾਰਤੀ ਵਿਦਿਆਰਥੀਆਂ ਨੂੰ ਦਿੱਤੇ ਗਏ ਸਨ, ਪਰ ਉਦੋਂ ਤੋਂ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਸਾਲ 2024 ਵਿਚ ਕੈਨੇਡਾ ਨੇ ਕੁੱਲ 5,16,275 ਵਿਦੇਸ਼ੀ ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਕੀਤੇ, ਜਿਨ੍ਹਾਂ ਵਿਚੋਂ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਿਆਂ ਦੀ ਗਿਣਤੀ 1,88,465 ਸੀ। ਇਥੇ ਰਿਕਾਰਡ ਇਮੀਗ੍ਰੇਸ਼ਨ ਅਤੇ ਇਸ ਦੇ ਨਤੀਜੇ ਵਜੋਂ ਉੱਥੇ ਘਰਾਂ ਦੀ ਕੀਮਤ ਵਿਚ ਵਾਧਾ ਅਤੇ ਸਿਹਤ ਅਤੇ ਆਵਾਜਾਈ 'ਤੇ ਵਧਦੇ ਦਬਾਅ ਕਾਰਨ ਕੈਨੇਡੀਅਨ ਸਰਕਾਰ ਨੇ ਵਿਦੇਸ਼ੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਾ ਪਰਮਿਟਾਂ ਵਿਚ ਕਟੌਤੀ ਕਰਨ ਦਾ ਫ਼ੈਸਲਾ ਕੀਤਾ।

ਉਸ ਨੇ 2023 ਤੋਂ ਹੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਸੀ ਤੇ 2023 ਵਿਚ ਕੁੱਲ 6.81 ਲੱਖ ਸਟੱਡੀ ਪਰਮਿਟ ਜਾਰੀ ਕੀਤੇ, ਜਿਨ੍ਹਾਂ ਵਿਚੋਂ 2.78 ਲੱਖ ਭਾਰਤੀ ਵਿਦਿਆਰਥੀਆਂ ਲਈ ਸਨ। 2024 ਵਿਚ ਪਰਮਿਟਾਂ ਦੀ ਕੁੱਲ ਗਿਣਤੀ ਘਟ ਕੇ 5.16 ਲੱਖ ਹੋ ਗਈ, ਜਿਨ੍ਹਾਂ ਵਿਚੋਂ 1.88 ਲੱਖ ਭਾਰਤੀ ਵਿਦਿਆਰਥੀ ਸਨ। ਇਸ ਕਾਰਨ ਇਥੇ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਲਗਪਗ 40 ਫ਼ੀਸਦੀ ਘਟ ਗਈ ਹੈ।

ਇੱਥੇ ਵਿਦਿਆਰਥੀ ਜੀਵਨ ਬਹੁਤ ਸੰਘਰਸ਼ਮਈ ਹੈ। ਭਾਰਤ ਦੇ ਵਿਦਿਆਰਥੀਆਂ ਵਿਚੋਂ ਸਭ ਤੋਂ ਵੱਧ ਗਿਣਤੀ ਪੰਜਾਬ ਅਤੇ ਗੁਜਰਾਤ ਦੇ ਵਿਦਿਆਰਥੀਆਂ ਦੀ ਹੈ। ਇੱਥੇ ਦੀ ਸਰਕਾਰ ਦੇ ਅਧਿਕਾਰਤ ਅੰਕੜਿਆਂ ਮੁਤਾਬਕ 2022 ਦੇ ਮੁਕਾਬਲੇ 2023 ਵਿਚ ਐਕਟਿਵ ਸਟੂਡੈਂਟ ਵੀਜ਼ਿਆਂ ਦੀ ਗਿਣਤੀ ਤਕਰੀਬਨ 29 ਫ਼ੀਸਦੀ ਵਧ ਕੇ ਕਰੀਬ 10 ਲੱਖ 40 ਹਜ਼ਾਰ ਹੋ ਗਈ। ਇਨ੍ਹਾਂ ਵਿਚੋਂ ਕਰੀਬ ਚਾਰ ਲੱਖ 87 ਹਜ਼ਾਰ ਭਾਰਤੀ ਵਿਦਿਆਰਥੀ ਸਨ।

ਕਈ ਵਿਦਿਆਰਥੀ ਅਜਿਹੇ ਹਨ ਜਿਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਵਿਦੇਸ਼ ਜਾਣ ਦੀ ਥਾਂ ਭਾਰਤ ਵਿਚ ਰਹਿ ਕੇ ਹੀ ਉਚੇਰੀ ਪੜ੍ਹਾਈ ਕਰਨ ਲਈ ਕਹਿੰਦੇ ਹਨ ਪਰ ਵਿਦਿਆਰਥੀਆਂ ਵਿਚ ਵਿਦੇਸ਼ ਜਾਣ ਦੀ ਇੱਛਾ ਕਰਕੇ ਮਾਪਿਆਂ ਨੂੰ ਨਾ ਚਾਹੁੰਦਿਆਂ ਵੀ ਆਪਣੇ ਧੀਆਂ-ਪੁੱਤਰਾਂ ਨੂੰ ਦੂਸਰੇ ਮੁਲਕ ਭੇਜਣਾ ਪੈਂਦਾ ਹੈ।

ਇਸ ਸਮੇਂ ਪੂਰੀ ਦੁਨੀਆ ਕਿਸੇ ਨਾ ਕਿਸੇ ਰੂਪ ਵਿਚ ਆਰਥਿਕ ਤੰਗੀ ਨਾਲ ਜੂਝ ਰਹੀ ਹੈ ਤੇ ਸੁਭਾਵਿਕ ਹੈ ਕਿ ਇਸ ਦਾ ਅਸਰ ਕੈਨੇਡਾ ਵਿਚ ਵੀ ਹੋ ਰਿਹਾ ਹੈ। ਮਹਿੰਗਾਈ ਵਿਚ ਵਾਧਾ ਹੋਣ ਕਾਰਨ ਅਨੇਕਾਂ ਭਾਰਤੀ ਲੋਕ ਇਸ ਦੇਸ਼ ਨੂੰ ਛੱਡ ਕੇ ਅਮਰੀਕਾ, ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਵਿਚ ਜਾਣ ਲੱਗੇ ਹਨ।

ਕੈਨੇਡਾ ਵਿਖੇ ਉਨ੍ਹਾਂ ਵਿਦਿਆਰਥੀਆਂ ਦੀ ਵੀ ਵੱਡੀ ਗਿਣਤੀ ਹੈ ਜੋ ਇੱਥੇ ਦੀਆਂ ਤਲਖ਼ ਹਕੀਕਤਾਂ ਦਾ ਸਾਹਮਣਾ ਕਰਨ ਤੋਂ ਬਾਅਦ ਵਾਪਸ ਭਾਰਤ ਪਰਤਣਾ ਚਾਹੁੰਦੇ ਹਨ ਪਰ ਉਹ ਇਹ ਸੋਚ ਕੇ ਵਾਪਸ ਨਹੀਂ ਜਾਂਦੇ ਕਿ ਉਨ੍ਹਾਂ ਦੇ ਰਿਸ਼ਤੇਦਾਰ ਅਤੇ ਪਿੰਡ ਵਾਸੀ ਕੀ ਕਹਿਣਗੇ?

ਕੈਨੇਡਾ ਰਹਿ ਰਹੇ ਕੌਮਾਂਤਰੀ ਵਿਦਿਆਰਥੀ ਕਹਿੰਦੇ ਹਨ ਕਿ ਇਹ ਤਾਂ ਉਨ੍ਹਾਂ ਲਈ ਮਿੱਠੀ ਜੇਲ੍ਹ ਹੈ ਜਿੱਥੇ ਹਰ ਚੀਜ਼ ਮਿਲ ਜਾਂਦੀ ਹੈ ਪਰ ਅਪਣੱਤ ਨਹੀਂ ਮਿਲਦੀ। ਇੱਥੇ ਇਹ ਗੱਲ ਕਹਿਣ ਵਾਲਾ ਕੋਈ ਨਹੀਂ ਹੁੰਦਾ ਕਿ 'ਪੁੱਤਰ ਰੋਟੀ ਖਾ ਲਈ ਹੈ ਕਿ ਨਹੀਂ?'। ਇੱਥੇ ਸਭ ਕੁਝ ਮਸ਼ੀਨੀ ਹੋ ਗਿਆ ਹੈ ਅਤੇ ਕੌਮਾਂਤਰੀ ਵਿਦਿਆਰਥੀਆਂ ਨੂੰ ਮਸ਼ੀਨਾਂ ਨਾਲ ਮਸ਼ੀਨਾਂ ਵਰਗਾ ਹੋ ਕੇ ਹੀ ਕੰਮ ਕਰਨਾ ਪੈਂਦਾ ਹੈ।

ਇਸ ਤੋਂ ਇਲਾਵਾ ਰੋਜ਼ੀ-ਰੋਟੀ ਕਮਾਉਣ ਵਿਦੇਸ਼ਾਂ ਵਿਚ ਗਏ ਬੱਚਿਆਂ ਦੀਆਂ ਮੌਤਾਂ ਦੀਆਂ ਖ਼ਬਰਾਂ ਸੁਣ ਕੇ ਵੀ ਦਿਲ ਦੁਖੀ ਹੋ ਜਾਂਦਾ ਹੈ। 2018 ਤੋਂ ਲੈ ਕੇ 2023 ਦੇ ਦਸੰਬਰ ਮਹੀਨੇ ਤੱਕ ਵਿਦੇਸ਼ ਵਿਚ 403 ਭਾਰਤੀ ਵਿਦਿਆਰਥੀਆਂ

ਦੀ ਮੌਤ ਹੋਈ, ਇਸ ਵਿਚੋਂ ਸਭ ਤੋਂ ਜ਼ਿਆਦਾ 91 ਮੌਤਾਂ ਕੈਨੇਡਾ ਵਿਚ ਹੋਈਆਂ।

ਇਨ੍ਹਾਂ ਹਾਲਾਤ ਦੇ ਬਾਵਜੂਦ ਨੌਜਵਾਨ ਜਾਇਜ਼ ਤੇ ਨਾਜਾਇਜ਼ ਦੋਵਾਂ ਤਰੀਕਿਆਂ ਨਾਲ ਵਿਦੇਸ਼ ਜਾਣਾ ਚਾਹੁੰਦੇ ਹਨ। ਕੈਨੇਡਾ ਜਾਂ ਹੋਰ ਦੇਸ਼ ਜਾਣ ਦੇ ਚਾਹਵਾਨ ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਪੈਸਿਆਂ ਨਾਲ ਪੰਜਾਬ 'ਚ ਹੀ ਕੋਈ ਕੰਮ ਸ਼ੁਰੂ ਕਰਨ। ਇਸ ਨਾਲ ਉਨ੍ਹਾਂ ਨੂੰ ਚੰਗੀ ਆਮਦਨੀ ਵੀ ਹੋਵੇਗੀ ਅਤੇ ਉਨ੍ਹਾਂ ਨੂੰ ਆਪਣੇ ਪਰਿਵਾਰ ਅਤੇ ਜੱਦੀ ਘਰਾਂ ਤੋਂ ਦੂਰ ਵੀ ਨਹੀਂ ਹੋਣਾ ਪਵੇਗਾ।

**ਜਗਮੋਹਨ ਸਿੰਘ ਲੱਕੀ**




## ਸੌਣ ਦੀ ਇਹ ਆਦਤ ਘਟਾ ਸਕਦੀ ਹੈ ਹਾਰਟ ਅਟੈਕ ਦਾ ਖਤਰਾ

ਰੁਝੇਵਿਆਂ ਭਰੀ ਜ਼ਿੰਦਗੀ ਵਿੱਚ, ਲੋਕਾਂ ਦੀਆਂ ਸੌਣ ਦੀਆਂ ਆਦਤਾਂ ਕਾਫ਼ੀ ਅਨਿਯਮਿਤ ਹੋ ਜਾਂਦੀਆਂ ਹਨ। ਦੇਰ ਰਾਤ ਤੱਕ ਕੰਮ ਕਰਨਾ, ਮੋਬਾਈਲ ਜਾਂ ਲੈਪਟਾਪ 'ਤੇ ਸਮਾਂ ਬਿਤਾਉਣਾ, ਤਣਾਅ ਅਤੇ ਗੈਰ-ਸਿਹਤਮੰਦ ਜੀਵਨ ਸ਼ੈਲੀ ਨੀਂਦ ਦੀ ਕਮੀ ਦਾ ਕਾਰਨ ਬਣਦੀ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਸੌਣ ਦੀ ਆਦਤ ਨਾ ਸਿਰਫ਼ ਤੁਹਾਡੀ ਊਰਜਾ ਨੂੰ ਬਣਾਈ ਰੱਖਦੀ ਹੈ, ਸਗੋਂ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਅਤੇ ਦਿਲ ਦੀ ਸਿਹਤ ਨੂੰ ਬਿਹਤਰ ਬਣਾਉਣ ਵਿੱਚ ਵੀ ਮਦਦ ਕਰਦੀ ਹੈ? ਆਓ ਜਾਣਦੇ ਹਾਂ ਕਿ ਕਿਹੜੀ ਇੱਕ ਆਦਤ ਅਪਣਾ ਕੇ ਤੁਸੀਂ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰ ਸਕਦੇ ਹੋ ਅਤੇ ਦਿਲ ਦੇ ਦੌਰੇ ਦੇ ਜੋਖਮ ਨੂੰ ਵੀ ਘਟਾ ਸਕਦੇ ਹੋ।



**ਇਹ ਆਦਤ ਹਾਰਟ ਅਟੈਕ ਦੇ ਜੋਖਮ ਨੂੰ ਘਟਾਉਂਦੀ ਹੈ:**

ਨੀਂਦ ਸਾਡੇ ਸਰੀਰ ਲਈ ਸਿਰਫ਼ ਆਰਾਮ ਦਾ ਸਮਾਂ ਨਹੀਂ ਹੈ, ਸਗੋਂ ਇਹ ਇੱਕ ਪ੍ਰਕਿਰਿਆ ਹੈ ਜਿਸ ਵਿੱਚ ਸਾਡਾ ਸਰੀਰ ਆਪਣੇ ਆਪ ਨੂੰ ਮੁਰੰਮਤ ਕਰਦਾ ਹੈ। ਜਦੋਂ ਅਸੀਂ ਨਿਯਮਿਤ ਤੌਰ 'ਤੇ ਪੂਰੀ ਨੀਂਦ ਲੈਂਦੇ ਹਾਂ, ਤਾਂ ਸਾਡਾ ਦਿਲ ਬਿਹਤਰ ਕੰਮ ਕਰਦਾ ਹੈ। ਇਸ ਦੇ ਨਾਲ ਹੀ ਅਨਿਯਮਿਤ ਨੀਂਦ ਜਾਂ ਨੀਂਦ ਦੀ ਘਾਟ ਹਾਈ ਬਲੱਡ ਪ੍ਰੈਸ਼ਰ, ਦਿਲ ਦੀ ਬਿਮਾਰੀ ਅਤੇ ਸਟ੍ਰੋਕ ਦਾ ਜੋਖਮ ਵਧਾਉਂਦੀ ਹੈ। ਇਸ ਲਈ, ਦਿਲ ਦੀ ਸਿਹਤ ਨੂੰ ਬਿਹਤਰ ਬਣਾਉਣ ਅਤੇ ਦਿਲ ਨੂੰ ਸਿਹਤਮੰਦ ਰੱਖਣ ਲਈ, ਸੌਣ ਅਤੇ ਜਾਗਣ ਲਈ ਇੱਕ ਨਿਸ਼ਚਿਤ ਸਮਾਂ ਨਿਰਧਾਰਤ ਕਰਨਾ ਬਹੁਤ ਜ਼ਰੂਰੀ ਹੈ।

**ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦੀ:**

ਜਦੋਂ ਅਸੀਂ ਸੌਂਦੇ ਹਾਂ ਤਾਂ ਸਾਡਾ ਬਲੱਡ ਪ੍ਰੈਸ਼ਰ ਕੁਦਰਤੀ ਤੌਰ 'ਤੇ ਘੱਟ ਜਾਂਦਾ ਹੈ, ਜੋ ਦਿਲ ਅਤੇ ਧਮਨੀਆਂ ਨੂੰ ਆਰਾਮ ਦਿੰਦਾ ਹੈ। ਜੇਕਰ ਨੀਂਦ ਪੂਰੀ ਨਾ ਹੋਵੇ ਤਾਂ ਬਲੱਡ ਪ੍ਰੈਸ਼ਰ ਲੰਬੇ ਸਮੇਂ ਤੱਕ ਉੱਚਾ ਰਹਿ ਸਕਦਾ ਹੈ, ਜਿਸ ਨਾਲ ਹਾਈਪਰਟੈਨਸ਼ਨ ਹੋ ਸਕਦਾ ਹੈ। ਨਿਯਮਤ ਨੀਂਦ ਸਰੀਰ ਦੀ ਸਰਕੇਡੀਅਨ ਰਿਦਮ ਨੂੰ ਸਹੀ ਰੱਖਦੀ ਹੈ, ਜਿਸ ਨਾਲ ਬੀਪੀ ਕੰਟਰੋਲ ਵਿੱਚ ਰਹਿੰਦਾ ਹੈ।

**ਦਿਲ ਦੀ ਬਿਮਾਰੀ ਦਾ ਖ਼ਤਰਾ ਘਟਦੈ:**

ਜੋ ਲੋਕ ਰੋਜ਼ਾਨਾ 7-8 ਘੰਟੇ ਡੂੰਘੀ ਨੀਂਦ ਲੈਂਦੇ ਹਨ, ਉਨ੍ਹਾਂ ਵਿੱਚ ਦਿਲ ਦਾ ਦੌਰਾ ਅਤੇ ਸਟ੍ਰੋਕ ਦਾ ਖ਼ਤਰਾ ਘੱਟ ਜਾਂਦਾ ਹੈ। ਨੀਂਦ ਦੀ ਘਾਟ ਕੋਰਟੀਸੋਲ ਹਾਰਮੋਨ ਦੇ ਪੱਧਰ ਨੂੰ ਵਧਾਉਂਦੀ ਹੈ, ਜੋ ਦਿਲ ਲਈ ਨੁਕਸਾਨਦੇਹ ਹੈ। ਨਿਯਮਤ ਨੀਂਦ ਕੋਲੈਸਟ੍ਰੋਲ ਅਤੇ ਬਲੱਡ ਸ਼ੂਗਰ ਦੇ ਪੱਧਰ ਨੂੰ ਵੀ ਕੰਟਰੋਲ ਵਿੱਚ ਰੱਖਦੀ ਹੈ।

**ਤਣਾਅ ਅਤੇ ਸੋਜ ਨੂੰ ਘਟਾਉਣ 'ਚ ਮਦਦਗਾਰ:**

ਅਨਿਯਮਿਤ ਨੀਂਦ ਸਰੀਰ ਵਿੱਚ ਸੋਜ ਵਧਾ ਸਕਦੀ ਹੈ, ਜੋ ਧਮਨੀਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਨਿਯਮਤ ਨੀਂਦ ਸੋਜ ਨੂੰ ਘਟਾਉਂਦੀ ਹੈ ਅਤੇ ਦਿਲ ਦੀ ਕੰਮ ਕਰਨ ਦੀ ਸਮਰੱਥਾ ਨੂੰ ਬਿਹਤਰ ਬਣਾਉਂਦੀ ਹੈ। ਇਹ ਮਾਨਸਿਕ ਤਣਾਅ ਨੂੰ ਘਟਾਉਂਦੀ ਹੈ।

**ਨਿਯਮਿਤ ਨੀਂਦ ਦੀ ਆਦਤ ਕਿਵੇਂ ਬਣਾਈਏ?**

ਇੱਕ ਨਿਸ਼ਚਿਤ ਨੀਂਦ ਦਾ ਸਮਾਂ-ਸਾਰਣੀ ਬਣਾਓ,ਹਰ ਰੋਜ਼ ਇੱਕੋ ਸਮੇਂ ਸੌਣਾ ਅਤੇ ਜਾਗਣਾ, ਭਾਵੇਂ ਇਹ ਵੀਕਐਂਡ ਹੋਵੇ ਜਾਂ ਕੰਮ ਦਾ ਦਿਨ।

ਬੈੱਡਰੂਮ ਦਾ ਵਾਤਾਵਰਣ ਸ਼ਾਂਤ ਰੱਖੋ ਕਮਰੇ ਨੂੰ ਹਨੇਰਾ ਅਤੇ ਠੰਢਾ ਰੱਖੋ।

ਸੌਣ ਤੋਂ ਪਹਿਲਾਂ ਸਕ੍ਰੀਨ ਟਾਈਮ ਘਟਾਓ। ਮੋਬਾਈਲ ਅਤੇ ਲੈਪਟਾਪ ਦੀ ਨੀਲੀ ਰੋਸ਼ਨੀ ਨੀਂਦ ਵਿੱਚ ਵਿਘਨ ਪਾਉਂਦੀ ਹੈ।

ਕੈਫੀਨ ਅਤੇ ਭਾਰੀ ਭੋਜਨ ਤੋਂ ਪਰਹੇਜ਼ ਕਰੋ। ਸੌਣ ਤੋਂ 2-3 ਘੰਟੇ ਪਹਿਲਾਂ ਚਾਹ-ਕੌਫੀ ਜਾਂ ਭਾਰੀ ਭੋਜਨ ਨਾ ਖਾਓ।

## ਸ੍ਰੀਗੰਗਾਨਗਰ ਦੀ ਮਨਿਕਾ ਬਣੀ ਮਿਸ ਯੂਨੀਵਰਸ ਇੰਡੀਆ



**ਅਬੋਹਰ:** ਮਿਸ ਯੂਨੀਵਰਸ ਇੰਡੀਆ 2025 ਦਾ ਤਾਜ ਐਤਕੀਂ ਮਨਿਕਾ ਵਿਸ਼ਵਕਰਮਾ ਦੇ ਸਿਰ ਸਜਿਆ ਹੈ। ਮਨਿਕਾ ਸ੍ਰੀਗੰਗਾਨਗਰ ਦੀ ਵਸਨੀਕ ਹੈ ਤੇ ਉਸ ਦੇ ਮਾਪੇ ਕਮਲ ਕਾਂਤ ਸੁਥਾਰ ਅਤੇ ਸ਼ਕੁੰਤਲਾ ਸੁਥਾਰ ਇਥੇ ਚੈਤਾਲੀ ਕਲੋਨੀ ਵਿਚ ਰਹਿੰਦੇ ਹਨ। ਮਿਸ ਯੂਨੀਵਰਸ ਇੰਡੀਆ 2025 ਦਾ ਗ੍ਰੈਂਡ ਫਿਨਾਲੇ ਸੋਮਵਾਰ ਨੂੰ ਜੈਪੁਰ ਵਿਚ ਆਯੋਜਿਤ ਕੀਤਾ ਗਿਆ ਸੀ। ਮਨਿਕਾ, ਜਿਸ ਨੇ ਪਹਿਲਾਂ ਮਿਸ ਯੂਨੀਵਰਸ ਰਾਜਸਥਾਨ 2024 ਦਾ ਖਿਤਾਬ ਜਿੱਤਿਆ ਸੀ, ਨੂੰ ਮਿਸ ਯੂਨੀਵਰਸ ਇੰਡੀਆ 2024 ਰੀਆ ਸਿੰਘਾ ਨੇ ਤਾਜ ਪਹਿਨਾਇਆ। ਮਨਿਕਾ ਹੁਣ 21 ਨਵੰਬਰ ਨੂੰ ਥਾਈਲੈਂਡ ਵਿੱਚ ਹੋਣ ਵਾਲੇ 74ਵੇਂ ਮਿਸ ਯੂਨੀਵਰਸ ਮੁਕਾਬਲੇ ਵਿੱਚ ਭਾਰਤ ਦੀ ਨੁਮਾਇੰਦਗੀ ਕਰੇਗੀ।

ਮਨਿਕਾ ਨੇ ਕਿਹਾ, ''ਮੇਰਾ ਸਫ਼ਰ ਮੇਰੇ ਜੱਦੀ ਸ਼ਹਿਰ ਸ੍ਰੀਗੰਗਾਨਗਰ ਤੋਂ ਸ਼ੁਰੂ ਹੋਇਆ ਸੀ। ਮੈਂ ਦਿੱਲੀ ਆਈ ਅਤੇ ਮੁਕਾਬਲੇ ਦੀ ਤਿਆਰੀ ਕੀਤੀ। ਸਾਨੂੰ ਖ਼ੁਦ ਵਿੱਚ ਆਤਮਵਿਸ਼ਵਾਸ ਅਤੇ ਹਿੰਮਤ ਪੈਦਾ ਕਰਨ ਦੀ ਲੋੜ ਹੈ। ਮੈਂ ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਮੇਰੀ ਮਦਦ ਕੀਤੀ ਅਤੇ ਮੈਨੂੰ ਬਣਾਇਆ ਜੋ ਮੈਂ ਅੱਜ ਹਾਂ। ਮੁਕਾਬਲਾ ਸਿਰਫ਼ ਇੱਕ ਖੇਤਰ ਨਹੀਂ ਹੈ; ਇਹ ਆਪਣੀ ਇੱਕ ਦੁਨੀਆ ਹੈ ਜੋ ਇੱਕ ਵਿਅਕਤੀ ਦੇ ਕਿਰਦਾਰ ਦਾ ਨਿਰਮਾਣ ਕਰਦੀ ਹੈ।''

A CREATIVE DESIGN & PRINT SOURCE

ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ
ਵਿਆਹ-ਸ਼ਾਦੀਆਂ ਦੇ ਕਾਰਡ

DESIGN 360
GRAPHICS & PROMOTIONS INC.
.... create a new

GRAPHIC DESIGNING
PRODUCT PHOTOGRAPHY
OFFSET / DIGITAL PRINTING
SIGNAGES DISPLAYS

CONTACT: AMANDEEP SINGH
604 590 0066 / 604 317 8750
#1 13415 76 AVE. SURREY

# ਕਿਵੇਂ ਖ਼ੁਸ਼ ਰਹੀਏ



ਜ਼ਿੰਦਗੀ ਅਨਮੋਲ ਤੋਹਫ਼ਾ ਹੈ ਪਰ ਅਕਸਰ ਅਸੀਂ ਇਸ ਨੂੰ ਸਮਝਣ ਦੀ ਬਜਾਏ ਇਸ 'ਚ ਖ਼ੁਸ਼ ਰਹਿਣ ਦੇ ਤਰੀਕਿਆਂ ਨੂੰ ਭੁੱਲ ਜਾਂਦੇ ਹਾਂ।

ਮੌਜੂਦਾ ਦੌਰ ਦੀ ਦੌੜ-ਭੱਜ, ਟੈਨਸ਼ਨ ਭਰੀ ਜ਼ਿੰਦਗੀ ਤੇ ਮੋਬਾਈਲ-ਇੰਟਰਨੈੱਟ ਵਾਲੀ ਦੁਨੀਆ ਨੇ ਸਾਨੂੰ ਅੰਦਰੋਂ ਖ਼ਾਲੀ ਕਰ ਦਿੱਤਾ ਹੈ ਪਰ ਜੇ ਅਸੀਂ ਕੁਝ ਸਧਾਰਨ ਗੱਲਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ 'ਚ ਲਿਆਈਏ, ਤਾਂ ਅਸੀਂ ਅਸਲੀ ਖ਼ੁਸ਼ੀ ਮਹਿਸੂਸ ਕਰ ਸਕਦੇ ਹਾਂ।

**ਧੰਨਵਾਦੀ ਵਾਲਾ ਰਵੱਈਆ:**

ਜ਼ਿੰਦਗੀ ਦਾ ਆਨੰਦ ਲੈਣ ਲਈ ਸਭ ਤੋਂ ਪਹਿਲਾਂ ਆਪਣੇ ਕੋਲ ਮੌਜੂਦ ਚੀਜ਼ਾਂ ਦੀ ਕਦਰ ਕਰਨੀ ਸਿੱਖੋ। ਅਕਸਰ ਜੋ ਕੋਲ ਨਹੀਂ ਹੈ, ਉਸ ਦੇ ਗ਼ਮ 'ਚ ਜਿਉਂਦੇ ਹਾਂ ਪਰ ਜੇ ਆਪਣੇ ਕੋਲ ਹੋਣ ਵਾਲੀਆਂ ਨਿਆਮਤਾਂ ਲਈ ਧੰਨਵਾਦੀ ਹੋਈਏ, ਤਾਂ ਮਨ ਵਿਚ ਖ਼ੁਸ਼ੀ ਆਉਂਦੀ ਹੈ। ਹਰ ਸਵੇਰ ਧੰਨਵਾਦ ਨਾਲ ਸ਼ੁਰੂ ਕਰੋ, ਜਿਵੇਂ ਸਿਹਤ, ਪਰਿਵਾਰ, ਕੰਮ ਜਾਂ ਅੱਜ ਦੇ ਦਿਨ ਲਈ।

**ਛੋਟੀਆਂ ਖ਼ੁਸ਼ੀਆਂ ਦਾ ਆਨੰਦ:**

ਬਾਰਿਸ਼ ਦੀ ਝੜੀ, ਸੂਰਜ ਦੀਆਂ ਕਿਰਨਾਂ, ਬੱਚਿਆਂ ਦੀ ਹਾਸਾ, ਮਾਤਾ-ਪਿਤਾ ਨਾਲ ਗੱਲਬਾਤ, ਦੋਸਤਾਂ ਨਾਲ ਚਾਹ ਦੀ ਚੁਸਕੀ ਇਹ ਛੋਟੀਆਂ-ਛੋਟੀਆਂ ਗੱਲਾਂ ਵੀ ਜ਼ਿੰਦਗੀ ਵਿਚ ਵੱਡੀਆਂ ਖ਼ੁਸ਼ੀਆਂ ਲਿਆਉਂਦੀਆਂ ਹਨ। ਇਨ੍ਹਾਂ ਪਲਾਂ ਨੂੰ ਨਜ਼ਰ-ਅੰਦਾਜ਼ ਨਾ ਕਰੋ।

**ਸ਼ਾਂਤ ਰੱਖੋ:**

ਮਨ ਦੀ ਸ਼ਾਂਤੀ ਸਭ ਤੋਂ ਵੱਡੀ ਦੌਲਤ ਹੈ। ਦਿਨ ਵਿਚ ਕੁਝ ਸਮਾਂ ਆਪਣੇ ਲਈ ਜ਼ਰੂਰ ਰੱਖ। ਧਿਆਨ ਕਰੋ, ਨਾਮ ਸਿਮਰਨ ਕਰੋ ਜਾਂ ਕੁਝ ਚੰਗਾ ਪੜ੍ਹੋ। ਇਹ ਮਨ ਨੂੰ ਠੰਢਾ ਕਰਦਾ ਹੈ ਤੇ ਅੰਦਰੂਨੀ ਤਾਕਤ ਦਿੰਦਾ ਹੈ। ਜੇ ਮਨ ਸ਼ਾਂਤ ਹੋਵੇ ਤਾਂ ਹਰ ਪਲ 'ਚ ਖ਼ੁਸ਼ੀ ਲੱਭੀ ਜਾ ਸਕਦੀ ਹੈ।

**ਸਿਹਤਮੰਦ ਜੀਵਨਸ਼ੈਲੀ:**

ਤੰਦਰੁਸਤੀ ਨਾਲ ਹੀ ਅਸੀਂ ਜੀਵਨ ਦਾ ਆਨੰਦ ਲੈ ਸਕਦੇ ਹਾਂ। ਰੋਜ਼ਾਨਾ ਸੈਰ ਕਰਨਾ, ਸਰੀਰਕ ਕਸਰਤ, ਸਾਫ਼-ਸੁਥਰਾ ਭੋਜਨ ਤੇ ਪੂਰੀ ਨੀਂਦ ਲੈਣਾ ਆਦਿ ਸਾਰੀਆਂ ਗੱਲਾਂ ਸਾਨੂੰ ਚੁਸਤ ਤੇ ਖ਼ੁਸ਼ ਰੱਖਦੀਆਂ ਹਨ। ਜੇ ਸਰੀਰ ਠੀਕ ਹੋਵੇ ਤਾਂ ਮਨ ਵੀ ਠੀਕ ਰਹਿੰਦਾ ਹੈ।

**ਰਿਸ਼ਤੇ ਸੰਭਾਲੋ:**

ਪਰਿਵਾਰ, ਦੋਸਤ, ਸਾਥੀ ਜਾਂ ਗੁਰੂ, ਇਹ ਸਾਰੇ ਰਿਸ਼ਤੇ ਜ਼ਿੰਦਗੀ ਨੂੰ ਰੰਗੀਨ ਬਣਾਉਂਦੇ ਹਨ। ਇਨ੍ਹਾਂ ਨਾਲ ਪਿਆਰ ਭਰੀ ਗੱਲਬਾਤ, ਸਮਾਂ ਬਿਤਾਉਣਾ ਤੇ ਇਕ-ਦੂਜੇ ਦੀ ਪਰਵਾਹ ਕਰਨਾ ਜ਼ਿੰਦਗੀ ਦੇ ਰੁਖੇ ਪਲਾਂ ਨੂੰ ਵੀ ਮਿੱਠਾ ਬਣਾ ਦਿੰਦਾ ਹੈ।

**ਨਿਰਲੋਭ ਤੇ ਨਿਰੰਕਾਰ ਭਾਵਨਾ:**

ਖ਼ੁਸ਼ ਰਹਿਣ ਲਈ ਲੋਭ, ਈਰਖਾ, ਨਫ਼ਰਤ ਤੇ ਅਹੰਕਾਰ ਨੂੰ ਛੱਡੋ। ਜਿਵੇਂ ਹੀ ਅਸੀਂ ਕਿਸੇ ਨਾਲ ਤੁਲਨਾ ਕਰਨਾ ਛੱਡ ਦਿੰਦੇ ਹਾਂ ਤੇ ਆਪਣੀ ਅਸਲੀਅਤ ਨੂੰ ਸਵੀਕਾਰ ਕਰ ਲੈਂਦੇ ਹਾਂ, ਜ਼ਿੰਦਗੀ ਸੁਖਦਾਇਕ ਬਣ ਜਾਂਦੀ ਹੈ।

ਹਰ ਦਿਨ ਨੂੰ ਆਖ਼ਰੀ ਦਿਨ ਵਾਂਗ ਜੀਓ, ਨਵੀਆਂ ਗੱਲਾਂ ਸਿੱਖੋ, ਖ਼ੁਸ਼ ਰਹੋ ਤੇ ਹੋਰਾਂ ਨੂੰ ਵੀ ਖ਼ੁਸ਼ ਰੱਖੋ। ਅਸਲ ਖ਼ੁਸ਼ੀ ਪੈਸੇ, ਸ਼ੋਹਰਤ ਜਾਂ ਸਾਮਾਨ 'ਚ ਨਹੀਂ ਸਗੋਂ ਸੱਚੀ, ਪਵਿੱਤਰ ਤੇ ਪਿਆਰ ਭਰੀ ਜ਼ਿੰਦਗੀ ਵਿਚ ਹੁੰਦੀ ਹੈ।

**ਸੁਰਿੰਦਰ ਸਿੰਘ ਸੋਨੀ**

## ਸਵਾਦਲਾ

# ਲੱਸਣ ਮੇਥੀ ਪਨੀਰ



**ਸਮੱਗਰੀ:** 4 ਚਮਚ ਤੇਲ, 3 ਚਮਚ ਲੱਸਣ, 130 ਗ੍ਰਾਮ ਪਿਆਜ਼, 75 ਮਿਲੀਲੀਟਰ ਦਹੀਂ, 1 ਚਮਚ ਮੈਦਾ, 2 ਚਮਚ ਧਨੀਆ, 1/2 ਚਮਚ ਹਲਦੀ, 1 ਚਮਚ ਮਿਰਚ, 1/2 ਚਮਚ ਗਰਮ ਮਸਾਲਾ, 1 ਚਮਚ ਨਮਕ, 30 ਮਿਲੀਲੀਟਰ ਪਾਣੀ, 250 ਗ੍ਰਾਮ ਪਨੀਰ, 2 ਚਮਚ ਤਾਜ਼ਾ ਕ੍ਰੀਮ, 2 ਚਮਚ ਮੇਥੀ ਦੇ ਸੁੱਕੇ ਪੱਤੇ, 1 ਚਮਚ ਸ਼ਹਿਦ, 100 ਮਿਲੀਲਟਰ ਪਾਣੀ, ਚਟਨੀ ਬਣਾਉਣ ਲਈ- 1 ਚਮਚ ਘਿਉ, 1 ਚਮਚ ਲੱਸਣ।

**ਵਿਧੀ:** ਸੱਭ ਤੋਂ ਪਹਿਲਾਂ ਇਕ ਪੈਨ ਵਿਚ ਤੇਲ ਪਾ ਕੇ ਲੱਸਣ ਦਾ ਪੇਸਟ ਪਾ ਕੇ ਹਲਕਾ ਭੁੰਨ ਲਉ ਅਤੇ ਇਸ ਵਿਚ ਪਿਆਜ਼ ਪਾ ਕੇ ਇਸ ਨੂੰ ਹਲਕਾ ਗੁਲਾਬੀ ਹੋਣ ਤਕ ਭੁੰਨ ਲਉ। ਫਿਰ ਇਕ ਕੌਲੀ ਵਿਚ ਦਹੀਂ ਅਤੇ ਮੈਦਾ ਪਾ ਕੇ ਚੰਗੀ ਤਰ੍ਹਾਂ ਨਾਲ ਰਲਾ ਲਉ। ਇਸ ਤੋਂ ਬਾਅਦ ਇਸ ਨੂੰ ਕੜਾਹੀ ਵਿਚ ਹੀ ਪਾ ਲਉ। ਇਸ ਵਿਚ ਧਨੀਆ ਪਾਊਡਰ, ਲਾਲ ਮਿਰਚ, ਹਲਦੀ, ਗਰਮ ਮਸਾਲਾ ਅਤੇ ਨਮਕ ਪਾ ਕੇ ਇਸ ਨੂੰ ਰਲਾ ਲਉ।

ਇਸ ਤੋਂ ਬਾਅਦ ਇਸ ਵਿਚ ਪਾਣੀ ਪਾ ਕੇ ਚੰਗੀ ਤਰ੍ਹਾਂ ਨਾਲ ਪੱਕਣ ਦਿਉ। ਫਿਰ ਇਸ ਵਿਚ ਪਨੀਰ, ਕ੍ਰੀਮ, ਸੁੱਕੀ ਮੇਥੀ ਦੇ ਪੱਤੇ, ਨਿੰਬੂ ਦਾ ਰਸ, ਸ਼ਹਿਦ ਪਾ ਕੇ ਚੰਗੀ ਤਰ੍ਹਾਂ ਨਾਲ ਰਲਾ ਲਉ। ਇਸ ਵਿਚ ਫਿਰ 10 ਮਿਲੀਲੀਟਰ ਪਾਣੀ ਪਾ ਦਿਉ ਅਤੇ ਗਾੜ੍ਹਾ ਹੋਣ ਤਕ ਪਕਾਉ। ਜਦੋਂ ਪਾਣੀ ਗਾੜ੍ਹਾ ਹੋ ਜਾਵੇ ਤਾਂ ਇਸ ਨੂੰ ਪਲੇਟ ਵਿਚ ਕੱਢ ਲਉ। ਇਕ ਪੈਨ ਵਿਚ 1 ਚਮਚ ਘਿਉ ਪਾ ਕੇ ਇਸ ਵਿਚ ਲੱਸਣ ਨੂੰ ਹਲਕਾ ਭੁੰਨ ਲਉ। ਇਸ ਚਟਣੀ ਨੂੰ ਫਿਰ ਪਨੀਰ ਉਪਰ ਪਾ ਦਿਉ ਅਤੇ ਪਰੋਸੋ।


STAR AUTOBODY

ICBC c.a.r. shop VALET
Accredited Collision Repairs & Valet Service

ICBC Glass EXPRESS



SPECIALIZE
- All vehicles any make or model
- Commercial Trucks, any make or model

CERTIFIED
- ICBC CARSHOP Valet Express Shop with certified technicians and equipment
- ICBC Glass Express
- Private Insurance Companies

SERVICE
Open Monday-Saturday - 8 am to 6 pm
- Courtesy Cars
- Vehicle pick-up and drop-off

*We handle private insurance claims:*
family INSURANCE, intact INSURANCE, canadian direct insurance, economical INSURANCE, CNS, RSA

**604-597-5151**
*8277-124th St., Surrey, BC V3W 9G2*
*Ph: 604-597-5151 / Fax: 604-597-5195*
*www.startautobody.net*

# ਵੋਟ ਚੋਰੀ ਮਾਮਲੇ 'ਚ ਚੋਣ ਕਮਿਸ਼ਨ ਤੇ ਵਿਰੋਧੀ ਧਿਰ ਆਹਮੋ-ਸਾਹਮਣੇ



ਰਾਹੁਲ ਗਾਂਧੀ ਦੀ 'ਵੋਟ ਅਧਿਕਾਰ ਯਾਤਰਾ' ਨੇ ਬਿਹਾਰ ਦੇ ਭਖੇ ਹੋਏ ਸਿਆਸੀ ਮਾਹੌਲ ਵਿੱਚ ਨਵੀਂ ਬਹਿਸ ਛੇੜ ਦਿੱਤੀ ਹੈ। ਸਾਸਾਰਾਮ ਤੋਂ ਕਾਂਗਰਸੀ ਆਗੂ ਨੇ ਆਪਣਾ 1300 ਕਿਲੋਮੀਟਰ ਲੰਮਾ, 16 ਦਿਨਾਂ ਦਾ ਮਾਰਚ ਸ਼ੁਰੂ ਕੀਤਾ ਹੈ। ਰਾਹੁਲ ਗਾਂਧੀ ਨੇ ਦੋਸ਼ ਲਾਇਆ ਹੈ ਕਿ ਭਾਜਪਾ ਭਾਰਤੀ ਚੋਣ ਕਮਿਸ਼ਨ ਦੀ ਮਦਦ ਨਾਲ ਵੋਟਰ ਸੂਚੀਆਂ ਦੀ ਚੱਲ ਰਹੀ ਵਿਸ਼ੇਸ਼ ਸੁਧਾਈ (ਐੱਸਆਈਆਰ) ਰਾਹੀਂ ਵੋਟਾਂ 'ਚੋਰੀ' ਕਰਨ ਦੀ ਸਾਜ਼ਿਸ਼ ਰਚ ਰਹੀ ਹੈ। ਇਹ ਐਲਾਨ ਕਰਦਿਆਂ ਕਿ 'ਗ਼ਰੀਬਾਂ ਕੋਲ ਸਿਰਫ਼ ਉਨ੍ਹਾਂ ਦੀ ਵੋਟ ਦੀ ਤਾਕਤ ਹੀ ਹੈ ਅਤੇ ਉਹ ਵੀ ਚੋਰੀ ਕੀਤੀ ਜਾ ਰਹੀ ਹੈ', ਰਾਹੁਲ ਗਾਂਧੀ ਬਿਹਾਰ ਦੀ ਇਸ ਮੁਹਿੰਮ ਨੂੰ ਲੋਕਤੰਤਰ ਦੇ ਵੱਡੇ ਸੰਘਰਸ਼ ਵਜੋਂ ਪੇਸ਼ ਕਰਨਾ ਚਾਹੁੰਦੇ ਹਨ। ਯਾਤਰਾ ਵਿੱਚ ਵਿਰੋਧੀ ਪਾਰਟੀਆਂ ਦੇ 'ਇੰਡੀਆ' ਗੱਠਜੋੜ ਦੇ ਆਗੂਆਂ ਲਾਲੂ ਪ੍ਰਸਾਦ ਯਾਦਵ, ਤੇਜਸਵੀ ਯਾਦਵ ਅਤੇ ਮਲਿਕਾਰਜੁਨ ਖੜਗੇ ਦੀ ਮੌਜੂਦਗੀ ਇਸ ਗੱਲ ਦਾ ਸੰਕੇਤ ਹੈ ਕਿ ਆਉਣ ਵਾਲੀਆਂ ਚੋਣਾਂ ਦੇ ਕਰੜੇ ਮੁਕਾਬਲੇ ਤੋਂ ਪਹਿਲਾਂ ਇਹ ਮਸਲਾ ਵਿਰੋਧੀ ਧਿਰ ਦੇ ਏਕੇ ਨਾਲ ਵੀ ਜੁੜਿਆ ਹੋਇਆ ਹੈ। ਆਪਣੀਆਂ ਪਹਿਲੀਆਂ 'ਭਾਰਤ ਜੋੜੋ ਯਾਤਰਾ' ਅਤੇ 'ਭਾਰਤ ਜੋੜੋ ਨਿਆਏ ਯਾਤਰਾ' ਵਾਂਗ ਰਾਹੁਲ ਗਾਂਧੀ ਨੂੰ ਆਸ ਹੈ ਕਿ ਉਹ ਆਪਣੇ ਅਤੇ ਕਾਂਗਰਸ ਪਾਰਟੀ ਲਈ ਸਮਰਥਨ ਜੁਟਾ ਸਕਣਗੇ।

ਇਨ੍ਹਾਂ ਦੋਸ਼ਾਂ ਨੇ ਭਾਰਤੀ ਚੋਣ ਕਮਿਸ਼ਨ ਨੂੰ ਜਵਾਬ ਦੇਣ ਲਈ ਮਜਬੂਰ ਕੀਤਾ ਹੈ, ਇਸ ਤਰ੍ਹਾਂ ਦਾ ਮੌਕਾ ਪਹਿਲਾਂ ਬਹੁਤ ਘੱਟ ਹੀ ਬਣਿਆ ਹੈ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਸਪੱਸ਼ਟ ਕੀਤਾ ਕਿ ਵੱਡੇ ਪੱਧਰ 'ਤੇ ਵੋਟਰਾਂ ਦੇ ਨਾਂ ਮਿਟਾਉਣ ਦੇ ਦਾਅਵੇ- ਚਾਹੇ ਉਹ 'ਮਕਾਨ ਨੰਬਰ 0' ਐਂਟਰੀਆਂ ਜਾਂ ਨਕਲੀ ਨਾਵਾਂ ਰਾਹੀਂ ਹੋਣ- ਵਧਾ-ਚੜ੍ਹਾ ਕੇ ਪੇਸ਼ ਕੀਤੇ ਗਏ ਅਤੇ ਸਤੰਬਰ ਵਿੱਚ ਸੂਚੀਆਂ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਪਾਰਟੀਆਂ ਅਸਲ ਗ਼ਲਤੀਆਂ ਨੂੰ ਉਜਾਗਰ ਕਰ ਸਕਦੀਆਂ ਹਨ। ਕਮਿਸ਼ਨ ਨੇ ਰਾਹੁਲ ਗਾਂਧੀ ਦੇ 'ਵੋਟ ਚੋਰੀ' ਵਾਲੇ ਸ਼ਬਦਾਂ ਨੂੰ 'ਬੇਤੁਕਾ' ਅਤੇ ਗੁਮਰਾਹਕੁਨ ਦੱਸਦਿਆਂ ਰੱਦ ਕਰ ਦਿੱਤਾ। ਇਸ ਨੇ ਜ਼ੋਰ ਦਿੱਤਾ ਹੈ ਕਿ ਪਾਰਦਰਸ਼ਤਾ ਦਾ ਵੋਟਰਾਂ ਦੀ ਨਿੱਜਤਾ ਦੀ ਰਾਖੀ ਨਾਲ ਸੰਤੁਲਨ ਬਿਠਾਉਣਾ ਜ਼ਰੂਰੀ ਹੈ।

ਅਸਲ ਵਿੱਚ ਪਿਛਲੇ ਕੁਝ ਸਮੇਂ ਤੋਂ ਕੇਂਦਰ ਸਰਕਾਰ ਬਾਰੇ ਇਹ ਧਾਰਨਾ ਬਣ ਰਹੀ ਹੈ ਕਿ ਇਹ ਸਾਰੀਆਂ ਕੇਂਦਰੀ ਏਜੰਸੀਆਂ ਅਤੇ ਸੰਸਥਾਵਾਂ ਉਤੇ ਆਪਣਾ ਪ੍ਰਭਾਵ ਪਾ ਰਹੀ ਹੈ ਤੇ ਇਨ੍ਹਾਂ ਨੂੰ ਸਿਆਸੀ ਮੁਫ਼ਾਦਾਂ ਲਈ ਵਰਤਿਆ ਜਾ ਰਿਹਾ ਹੈ। ਇਹ ਵਿਚਾਰ-ਵਟਾਂਦਰਾ ਇਸ ਬਹਿਸ ਦੇ ਮੂਲ ਨੂੰ ਉਭਾਰਦਾ ਹੈ: ਚੋਣਾਂ ਦੀ ਨਿਰਪੱਖਤਾ ਵਿੱਚ ਲੋਕਾਂ ਦਾ ਵਿਸ਼ਵਾਸ। ਜਿੱਥੇ ਵਿਰੋਧੀ ਧਿਰ ਦੇ ਦੋਸ਼ਾਂ ਨੂੰ ਸਿਰਫ਼ ਨਾਟਕੀ ਕਹਿ ਕੇ ਖਾਰਜ ਨਹੀਂ ਕੀਤਾ ਜਾ ਸਕਦਾ, ਉੱਥੇ ਚੋਣ ਕਮਿਸ਼ਨ ਨੂੰ ਵੀ ਨਿਰਪੱਖਤਾ ਜ਼ਾਹਿਰ ਕਰਨ ਲਈ ਹੋਰ ਯਤਨ ਕਰਨੇ ਚਾਹੀਦੇ ਹਨ। ਇਸੇ ਤਰ੍ਹਾਂ ਸਿਆਸੀ ਆਗੂਆਂ ਨੂੰ ਠੋਸ ਸਬੂਤਾਂ ਤੋਂ ਬਿਨਾਂ ਅਜਿਹੇ ਸ਼ਬਦਾਂ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜੋ ਜਮਹੂਰੀ ਪ੍ਰਕਿਰਿਆਵਾਂ ਵਿੱਚ ਭਰੋਸਾ ਤੋੜਨ ਦਾ ਖ਼ਤਰਾ ਖੜ੍ਹਾ ਕਰਦੇ ਹਨ।

# ਪੰਜਾਬ 'ਚ ਹੁਣ ਹੋਣਗੀਆਂ ਪੰਚਾਇਤ ਸਮਿਤੀ ਤੇ ਜ਼ਿਲ੍ਹਾ ਪਰਿਸ਼ਦ ਚੋਣਾਂ




ਪੰਜਾਬ ਰਾਜ ਚੋਣ ਕਮਿਸ਼ਨ ਨੇ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦ ਦੀਆਂ ਚੋਣਾਂ ਕਰਵਾਉਣ ਲਈ ਤਿਆਰੀਆਂ ਖਿੱਚ ਦਿੱਤੀਆਂ ਹਨ। ਇਹ ਕਦਮ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵੱਲੋਂ 5 ਅਕਤੂਬਰ ਤੱਕ ਚੋਣਾਂ ਕਰਵਾਉਣ ਦੀ ਕੀਤੀ ਗਈ ਅਪੀਲ ਤੋਂ ਬਾਅਦ ਚੁੱਕਿਆ ਹੈ। ਰਾਜ ਚੋਣ ਕਮਿਸ਼ਨ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ 3 ਮਾਰਚ 2025 ਨੂੰ ਪ੍ਰਕਾਸ਼ਿਤ ਹੋਈਆਂ ਪੰਚਾਇਤੀ ਵੋਟਰ ਸੂਚੀਆਂ ਪਹਿਲੀ ਸਤੰਬਰ 2025 ਦੀ ਯੋਗਤਾ ਮਿਤੀ ਅਨੁਸਾਰ ਅਪਡੇਟ ਕਰਨ ਦੇ ਨਿਰਦੇਸ਼ ਦਿੱਤੇ ਹਨ।

3 ਸਤੰਬਰ ਨੂੰ ਵੋਟਰ ਸੂਚੀਆਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਰਾਜ ਚੋਣ ਕਮਿਸ਼ਨ ਦੇ ਤਰਜਮਾਨ ਨੇ ਕਿਹਾ ਕਿ ਇਸ ਮੰਤਵ ਲਈ ਸਾਰੇ ਯੋਗ ਵਿਅਕਤੀ ਵੋਟਰ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾ ਸਕਦੇ ਹਨ।

ਰਾਜ ਚੋਣ ਕਮਿਸ਼ਨ ਨੇ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ-ਕਮ-ਜ਼ਿਲ੍ਹਾ ਚੋਣ ਅਫ਼ਸਰਾਂ ਨੂੰ ਹਦਾਇਤ ਕੀਤੀ ਕਿ ਉਹ ਸਥਾਨਕ ਪੱਧਰ 'ਤੇ ਜ਼ਿਲ੍ਹਾ ਪਰਿਸ਼ਦਾਂ ਅਤੇ ਪੰਚਾਇਤ ਸਮਿਤੀਆਂ ਦੇ ਚੋਣ ਹਲਕਿਆਂ ਦੇ ਸਾਰੇ ਪੇਂਡੂ ਖੇਤਰਾਂ ਵਿੱਚ ਪਹਿਲੀ ਸਤੰਬਰ ਤੱਕ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਸਾਰੇ ਯੋਗ ਵਿਅਕਤੀਆਂ ਨੂੰ ਚੋਣਾਂ ਵਿੱਚ ਹਿੱਸਾ ਲੈਣ ਲਈ ਢੁਕਵਾਂ ਮੌਕਾ ਦੇਣ।



# ਪੌਲਿਵਰ ਨੇ 80 ਫੀਸਦ ਵੋਟਾਂ ਲੈ ਕੇ ਸੰਸਦੀ ਚੋਣ ਜਿੱਤੀ



ਕੈਨੇਡਾ ਵਿੱਚ ਵਿਰੋਧੀ ਪਾਰਟੀ ਆਗੂ ਪੀਅਰ ਪੌਲਿਵਰ ਨੇ ਕੈਲਗਰੀ ਵਿਚਲੀ ਬੈਟਲ ਰਿਵਰ ਕਰੋਫੁੱਟ ਹਲਕੇ ਦੀ ਜ਼ਿਮਨੀ ਚੋਣ ਜਿੱਤ ਕੇ ਪਾਰਲੀਮੈਂਟ ਵਿੱਚ ਪਹੁੰਚ ਬਣਾ ਲਈ ਹੈ। 244 ਉਮੀਦਵਾਰਾਂ ਵਲੋਂ ਉਸਦੀਆਂ ਵੋਟਾਂ ਵੰਡ ਕੇ ਸੰਸਦੀ ਦਾਖਲੇ ਨੂੰ ਰੋਕਣ ਦੇ ਸਾਰੇ ਯਤਨ ਅਸਫ਼ਲ ਹੋ ਗਏ। ਹਲਕੇ ਦੇ 80 ਫੀਸਦ ਤੋਂ ਵੱਧ ਲੋਕਾਂ ਨੇ ਉਨ੍ਹਾਂ ਦੇ ਹੱਕ ਵਿੱਚ ਵੋਟਾਂ ਪਾਈਆਂ।

ਸਤਾਧਾਰੀ ਲਿਬਰਲ ਪਾਰਟੀ ਦੇ ਉਮੀਦਵਾਰ ਡਾਰਸੀ ਸਪੇਡੀ ਸਿਰਫ ਸਾਢੇ ਚਾਰ ਫੀਸਦ ਵੋਟਾਂ ਲੈਕੇ ਤੀਜੇ ਨੰਬਰ 'ਤੇ ਰਿਹਾ, ਜਦੋਂ ਕਿ ਅਜ਼ਾਦ ਉਮੀਦਵਾਰ ਬੋਨੀ ਕਰਿੰਚਲੀ 10 ਫੀਸਦ ਵੋਟਾਂ ਲੈ ਗਿਆ। 5600 ਵਰਗ ਕਿਲੋਮੀਟਰ ਵਿੱਚ ਫੈਲੇ ਇਹ ਪੇਂਡੂ ਹਲਕੇ ਵਿੱਚ ਚੋਣ ਮੁਹਿੰਮ ਭਖਾ ਸਕਣਾ ਪੀਅਰ ਪੌਲਿਵਰ ਲਈ ਚੁਣੌਤੀ ਪੂਰਣ ਰਿਹਾ ਪਰ ਉਸਦੀ ਮਿਹਨਤ ਰੰਗ ਲਿਆਈ।

ਅਪਰੈਲ ਵਿੱਚ ਹੋਈਆਂ ਆਮ ਸੰਸਦੀ ਚੋਣਾਂ ਵਿੱਚ ਪੌਲਿਵਰ ਉਂਟਾਰੀਓ ਵਿਚਲੇ ਪੱਕੇ ਹਲਕੇ ਕਾਰਲੈਟਨ ਤੋਂ ਹਾਰ ਗਏ ਸਨ, ਜਿਸ ਕਾਰਨ ਵਿਰੋਧੀ ਪਾਰਟੀ ਦੇ ਆਗੂ ਹੁੰਦੇ ਹੋਏ ਵੀ ਸੰਸਦ ਵਿੱਚ ਆਪਣਾ ਰੋਲ ਨਿਭਾਉਣ ਤੋਂ ਅਸਮਰਥ ਸਨ।

ਅਪਰੈਲ ਚੋਣ ਵਿੱਚ ਉੱਕਤ ਹਲਕੇ ਤੋਂ ਜੇਤੂ ਰਹੇ ਉਸਦੀ ਪਾਰਟੀ ਦੇ ਮੈਂਬਰ ਡੈਮੀਅਨ ਕੁਰਕ ਨੇ ਅਸਤੀਫਾ ਦੇ ਕੇ ਪੀਅਰ ਪੌਲਿਵਰ ਨੂੰ ਜ਼ਿਮਨੀ ਚੋਣ ਲੜਕੇ ਪਾਰਲੀਮੈਂਟ ਪਹੁੰਚਣ ਦਾ ਮੌਕਾ ਪ੍ਰਦਾਨ ਕੀਤਾ ਸੀ। ਡੈਮੀਅਨ ਕੁਰਕ ਨੇ ਅਪਰੈਲ ਵਿੱਚ ਇਹੀ ਸੀਟ 82 ਫੀਸਦ ਵੋਟਾਂ ਲੈਕੇ ਜਿੱਤੀ ਸੀ।

ਜਿੱਤ ਤੋਂ ਬਾਦ ਪੀਅਰ ਪੌਲਿਵਰ ਨੇ ਖੁਸ਼ੀ ਦੇ ਪਲ ਸਾਂਝੇ ਕਰਦੇ ਹੋਏ ਕਿਹਾ ਕਿ ਉਸਦੀ ਜਿੱਤ ਨੇ ਸਾਬਤ ਕੀਤਾ ਹੈ ਕਿ ਸੱਚੇ ਵਿਅਕਤੀ ਦੇ ਰਾਹ ਵਿੱਚ ਵਿਛਾਏ ਗਏ ਅਣਗਿਣਤ ਰੋੜੇ ਵੀ ਉਸਨੂੰ ਮੰਜਲ 'ਤੇ ਪਹੁੰਚਣ ਤੋਂ ਨਹੀਂ ਰੋਕ ਸਕਦੇ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਵਲੋਂ ਜੁਲਾਈ ਵਿੱਚ ਇਸ ਖਾਲੀ ਹੋਏ ਹਲਕੇ ਤੋਂ ਜ਼ਿਮਨੀ ਚੋਣ ਦਾ ਐਲਾਨ ਕੀਤਾ ਗਿਆ ਤਾਂ ਪੀਅਰ ਪੌਲਿਵਰ ਨੇ ਗਰਮੀ ਦੀ ਪ੍ਰਵਾਹ ਨਾ ਕਰਦਿਆਂ ਉਦੋਂ ਤੋਂ ਹੀ ਆਪਣੀ ਚੋਣ ਮੁਹਿੰਮ ਵਿੱਢ ਲਈ ਸੀ।

ਵਿਸ਼ਾਲ ਖੇਤਰ ਵਿੱਚ ਫੈਲੇ ਹਲਕੇ ਵਿੱਚ ਵੋਟਰਾਂ ਤੱਕ ਪਹੁੰਚ ਕਰਨ ਵਿੱਚ ਉਸਨੂੰ ਕਈ ਔਕੜਾਂ ਵੀ ਝੱਲਣੀਆਂ ਪਈਆਂ ਪਰ ਉਸਨੇ ਹਰੇਕ ਵੋਟਰ ਤੱਕ ਪਹੁੰਚ ਯਕੀਨੀ ਬਣਾਈ ਤੇ ਸ਼ਾਇਦ ਇਹੀ ਨੇੜਤਾ ਵੱਡੀ ਲੀਡ ਨਾਲ ਉਸਦੀ ਜਿੱਤ ਦਾ ਕਾਰਣ ਬਣੀ।

ਅਪਰੈਲ ਵਾਲੀ ਹਾਰ ਤੋਂ ਬਾਅਦ ਪਾਰਟੀ ਦੇ ਅੰਦਰੋਂ ਵੀ ਪੌਲਿਵਰ ਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ ਸੀ, ਜੋ ਹੁਣ ਪੂਰੀ ਤਰਾਂ ਦੱਬ ਜਾਣ ਦੇ ਆਸਾਰ ਬਣ ਗਏ ਹਨ।

## ਮੂਸੇਵਾਲਾ ਕੇਸ ਦੇ ਮੁਲਜ਼ਮਾਂ ਨੂੰ ਫੜਨ ਵਾਲੇ ਡੀਜੀਪੀ ਧਾਲੀਵਾਲ ਨੂੰ ਰਾਸ਼ਟਰਪਤੀ ਮੈਡਲ



ਗ੍ਰਹਿ ਮੰਤਰਾਲੇ ਨੇ ਭਾਰਤ ਦੇ 79ਵੇਂ ਅਜ਼ਾਦੀ ਦਿਹਾੜੇ ਮੌਕੇ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਦੇ ਡਾਇਰੈਕਟਰ ਜਨਰਲ ਆਫ਼ ਪੁਲੀਸ (ਡੀਜੀਪੀ) ਹਰਗੋਬਿੰਦਰ ਸਿੰਘ ਧਾਲੀਵਾਲ ਨੂੰ ਵਿਲੱਖਣ ਸੇਵਾ ਲਈ ਰਾਸ਼ਟਰਪਤੀ ਪੁਲੀਸ ਮੈਡਲ ਦਾ ਐਲਾਨ ਕੀਤਾ ਹੈ। ਧਾਲੀਵਾਲ ਨੂੰ ਕੌਮਾਂਤਰੀ ਪਛਾਣ ਉਦੋਂ ਮਿਲੀ, ਜਦੋਂ ਉਸ ਦੀ ਟੀਮ ਨੇ ਗਾਇਕ ਸਿੱਧੂ ਮੂਸੇਵਾਲਾ ਕੇਸ ਵਿੱਚ ਛੇ ਵਿੱਚੋਂ ਤਿੰਨ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਉਹ ਪਟਿਆਲਾ ਨਾਲ ਸਬੰਧਤ ਹਨ ਅਤੇ ਨਾਭਾ ਦੇ ਪੰਜਾਬ ਪਬਲਿਕ ਸਕੂਲ ਦੇ ਸਾਬਕਾ ਵਿਦਿਆਰਥੀ ਹਨ। ਆਈਪੀਐਸ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਉਨ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮਬੀਏ ਅਤੇ ਐਲਐਲਬੀ ਦੀਆਂ ਡਿਗਰੀਆਂ ਪੂਰੀਆਂ ਕੀਤੀਆਂ ਹਨ।




# ਬਿਆਸ ਤੇ ਸਤਲੁਜ ਦਰਿਆਵਾਂ ਨੇ ਪੰਜਾਬ 'ਚ ਲੀਹੋਂ ਲਾਹੀ ਜ਼ਿੰਦਗੀ

ਪੰਜਾਬ 'ਚ ਬਿਆਸ ਤੇ ਸਤਲੁਜ ਦਰਿਆ ਦੇ ਨੇੜਲੇ ਪਿੰਡਾਂ ਦਾ ਜਨ ਜੀਵਨ ਹੜ੍ਹਾਂ ਦੇ ਪਾਣੀ ਨੇ ਲੀਹੋਂ ਲਾਹ ਦਿੱਤਾ ਹੈ। ਇਨ੍ਹਾਂ ਖੇਤਰਾਂ 'ਚ ਪਾਣੀ ਦੀ ਮਾਰ ਦਾ ਸੰਕਟ ਹਾਲੇ ਤੱਕ ਟਲਿਆ ਨਹੀਂ ਹੈ।

ਪੌਂਗ ਡੈਮ ਵਿੱਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਤੋਂ ਦੋ ਫੁੱਟ ਉਪਰ ਚਲਾ ਗਿਆ ਹੈ। ਪੌਂਗ ਡੈਮ ਵਿੱਚ ਪਾਣੀ ਦਾ ਪੱਧਰ ਅੱਜ ਸ਼ਾਮ ਤੱਕ 1382.59 ਫੁੱਟ ਸੀ ਜਦਕਿ ਪਹਾੜਾਂ 'ਚੋਂ ਪਾਣੀ ਦੀ ਆਮਦ 95,277 ਕਿਊਸਿਕ ਰਹੀ। ਪੌਂਗ ਡੈਮ 'ਚੋਂ ਅੱਜ ਮੁੜ 59,881 ਕਿਊਸਿਕ ਪਾਣੀ ਬਿਆਸ ਦਰਿਆ ਵਿੱਚ ਛੱਡਿਆ ਗਿਆ ਹੈ। ਭਾਖੜਾ ਡੈਮ 'ਚ ਪਾਣੀ ਦਾ ਪੱਧਰ 1664.10 ਫੁੱਟ ਹੋ ਗਿਆ ਹੈ ਅਤੇ ਭਾਖੜਾ ਡੈਮ ਵਿੱਚ ਇਸ ਵੇਲੇ 42,453 ਕਿਊਸਿਕ ਪਾਣੀ ਆ ਰਿਹਾ ਹੈ ਜਦਕਿ ਭਾਖੜਾ ਡੈਮ 'ਚੋਂ 37,786 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਮੰਡ ਖੇਤਰ ਦੇ ਪਿੰਡਾਂ ਵਿੱਚ ਸਥਿਤੀ ਬਦਤਰ ਬਣੀ ਹੋਈ ਹੈ ਅਤੇ ਖੇਤ ਪਾਣੀ ਵਿੱਚ ਡੁੱਬ ਗਏ ਹਨ। ਰਾਵੀ ਦਰਿਆ ਵਿੱਚ ਵੀ ਸਵਾ ਲੱਖ ਕਿਊਸਿਕ ਪਾਣੀ ਚੱਲ ਰਿਹਾ ਹੈ ਅਤੇ ਕੌਮਾਂਤਰੀ ਸਰਹੱਦ ਲਾਗੇ ਹੜ੍ਹਾਂ ਵਰਗੀ ਸਥਿਤੀ ਬਣਨ ਲੱਗੀ ਹੈ।

ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਰਾਵੀ ਦਰਿਆ ਨਾਲ ਲਗਦੇ ਇਲਾਕੇ 'ਚ ਸਥਿਤੀ ਦਾ ਜਾਇਜ਼ਾ ਲਿਆ ਅਤੇ ਲੋਕਾਂ ਨੂੰ ਚੌਕਸ ਰਹਿਣ ਲਈ ਕਿਹਾ ਹੈ। ਸੁਲਤਾਨਪੁਰ ਲੋਧੀ ਤੇ ਤਰਨ ਤਾਰਨ ਇਲਾਕੇ ਵਿੱਚ ਫ਼ਸਲਾਂ ਪ੍ਰਭਾਵਿਤ ਹੋਈਆਂ ਹਨ। ਫ਼ਾਜ਼ਿਲਕਾ ਜ਼ਿਲ੍ਹੇ ਵਿੱਚ ਕੌਮਾਂਤਰੀ ਸਰਹੱਦ ਨੇੜਲੇ ਅੱਧੀ ਦਰਜਨਾਂ ਪਿੰਡਾਂ 'ਚ ਸਥਿਤੀ ਗੰਭੀਰ ਬਣੀ ਹੋਈ ਹੈ। ਇਸ ਜ਼ਿਲ੍ਹੇ ਦੇ ਪਿੰਡ ਦੋਨਾ ਨਾਨਕਾ, ਤੇਜਾ ਰੁਹੇਲਾ, ਢਾਣੀ ਸੱਦਾ ਸਿੰਘ, ਮੁਹਾਰ ਜਮਸ਼ੇਰ ਆਦਿ ਪਿੰਡਾਂ ਨੂੰ ਆਉਣ-ਜਾਣ ਵਾਲੇ ਰਸਤੇ ਪਾਣੀ ਨਾਲ ਭਰ ਗਏ ਹਨ। ਕਪੂਰਥਲਾ ਜ਼ਿਲ੍ਹੇ ਦੇ ਮੰਡ ਖੇਤਰ ਦੇ ਲੋਕਾਂ ਦੇ ਹਾਲ ਬੁਰੇ ਹਨ ਤੇ ਇੱਥੋਂ 600 ਤੋਂ ਜ਼ਿਆਦਾ ਲੋਕਾਂ ਨੂੰ ਪਾਣੀ 'ਚੋਂ ਬਾਹਰ ਕੱਢਿਆ ਗਿਆ ਹੈ। ਲੋਕਾਂ ਨੂੰ ਆਪਣੇ ਪਸ਼ੂ ਆਪਣੇ ਹਾਲ 'ਤੇ ਹੀ ਛੱਡਣੇ ਪਏ ਹਨ। ਪੰਜਾਬ ਵਿੱਚ ਹੁਣ ਤੱਕ 50 ਹਜ਼ਾਰ ਏਕੜ ਤੋਂ ਵੱਧ ਫ਼ਸਲ ਹੜ੍ਹਾਂ ਦੇ ਪਾਣੀ ਨਾਲ ਪ੍ਰਭਾਵਿਤ ਹੋਈ ਹੈ।

ਪੰਜਾਬ ਨੂੰ ਪਹਿਲਾਂ ਪਹਾੜਾਂ ਦੇ ਮੀਂਹ ਦੀ ਮਾਰ ਪੈ ਰਹੀ ਸੀ ਅਤੇ ਹੁਣ ਪੰਜਾਬ 'ਚ ਮੀਂਹ ਪੈਣ ਦੀ ਸੂਰਤ ਵਿੱਚ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਹਰੀਕੇ ਹੈੱਡ ਵਰਕਸ 'ਤੇ ਪਾਣੀ ਦਾ ਪੱਧਰ ਵਧਣ ਨਾਲ ਲੋਕਾਂ ਦੇ ਸਾਹ ਸੂਤੇ ਗਏ ਹਨ। ਫ਼ਿਰੋਜ਼ਪੁਰ ਜ਼ਿਲ੍ਹੇ ਦੇ ਦਰਜਨਾਂ ਪਿੰਡਾਂ, ਜਿਨ੍ਹਾਂ 'ਚ ਕਾਮਲ ਵਾਲਾ, ਨਿਹਾਲ ਲਵੇਰਾ, ਧੀਰਾਘਾਰਾ ਆਦਿ ਪਿੰਡ ਵੀ ਸ਼ਾਮਲ ਹਨ, ਦੇ ਖੇਤਾਂ ਵਿੱਚ ਪਾਣੀ ਭਰ ਗਿਆ ਹੈ।

ਉੱਧਰ 'ਉੱਝ' ਦਰਿਆ ਵਿੱਚ ਪਾਣੀ ਛੱਡਣ ਤੋਂ ਬਾਅਦ ਇੱਥੇ ਰਾਵੀ ਦਰਿਆ ਵਿੱਚ ਵੀ ਪਾਣੀ ਦਾ ਵਹਾਅ ਵਧ ਗਿਆ ਹੈ। ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਰਾਵੀ ਦਰਿਆ ਨੇੜਲੇ ਇਲਾਕੇ ਦਾ ਦੌਰਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਦਰਿਆ ਵਿੱਚ ਇਸ ਵੇਲੇ ਲਗਪਗ 1.4 ਲੱਖ ਕਿਊਸਿਕ ਪਾਣੀ ਹੈ ਪਰ ਸਥਿਤੀ ਖ਼ਤਰੇ ਵਾਲੀ ਨਹੀਂ ਹੈ। ਇਸ ਦੇ ਬਾਵਜੂਦ ਦੋ ਦਿਨ ਦਾ ਅਲਰਟ ਜਾਰੀ ਕੀਤਾ ਗਿਆ ਹੈ।






# ਅਮਰੀਕਾ ’ਚ ਦਿਲਜੀਤ ਨੂੰ ਦੇਖ ਕੇ ਜਦੋਂ ਪੁਲੀਸ ਅਫਸਰ ਨੇ ਕਿਹਾ ‘ਪੰਜਾਬੀ ਆ ਗਏ ਓਏ’

ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਦਾ ਨਿਊਯਾਰਕ ਦੌਰਾ ਚਰਚਾ ਵਿੱਚ ਹੈ। ਇਸ ਦੌਰਾਨ ਉਹ ਸੜਕਾਂ ‘ਤੇ ਘੁੰਮਦੇ ਹੋਏ ਪੁਲਿਸ ਦੀ ਨਜ਼ਰੀਂ ਪੈ ਗਏ। ਪੁਲਿਸ ਟੀਮ ਵਿੱਚ ਸ਼ਾਮਲ ਇੱਕ ਪੰਜਾਬੀ ਅਧਿਕਾਰੀ ਨੇ ਦਿਲਜੀਤ ਨੂੰ ਦੇਖ ਕੇ ਐਨਾਊਂਸਮੈਂਟ ਹੀ ਕਰ ਦਿੱਤੀ ਕਿ “ਪੰਜਾਬੀ ਆ ਗਏ ਓਏ।“ ਇਹ ਸੁਣ ਦਿਲਜੀਤ ਦੋਸਾਂਝ ਰੁਕ ਗਏ ਤੇ ਉਨ੍ਹਾਂ ਨਾਲ ਗੱਲਬਾਤ ਕਰਨ ਲੱਗ ਪਏ।



ਚਿੱਟੀ ਜੈਕੇਟ ਤੇ ਜੀਨਸ ਪਹਿਨੇ ਦਿਲਜੀਤ ਦੋਸਾਂਝ ਆਪਣੇ ਪ੍ਰਸ਼ੰਸਕਾਂ ਨੂੰ ਵੀ ਮਿਲਿਆ। ਜਦੋਂ ਇੱਕ ਪ੍ਰਸ਼ੰਸਕ ਨੇ ਉਨ੍ਹਾਂ ਦਾ ਹੱਥ ਫੜਨ ਦੀ ਕੋਸ਼ਿਸ਼ ਕੀਤੀ ਤਾਂ ਦਿਲਜੀਤ ਨੇ ਹੱਥ ਨੂੰ ਆਪਣੇ ਮੱਥੇ ‘ਤੇ ਲਾ ਲਿਆ।

ਦਿਲਜੀਤ ਨੇ ਇਸ ਭਾਵੁਕ ਪਲ ਦੀ ਵੀਡੀਓ ਆਪਣੇ ਸੋਸ਼ਲ ਮੀਡੀਆ ‘ਤੇ ਸਾਂਝੀ ਕੀਤੀ ਹੈ। ਪੁਲਿਸ ਤੇ ਪ੍ਰਸ਼ੰਸਕ ਦੋਵਾਂ ਨੇ ਕਿਹਾ ਕਿ ਉਹ ਦਿਲਜੀਤ ਦੇ ਵੱਡੇ ਫੈਨ ਹਨ ਤੇ ਉਨ੍ਹਾਂ ਨੂੰ ਉਸੇ ਸਟਾਈਲ ਵਿੱਚ ਰੋਕਣਾ ਇੱਕ ਮਜ਼ੇਦਾਰ ਅਨੁਭਵ ਸੀ।

ਪੁਲਿਸ ਵਾਲਿਆਂ ਨਾਲ ਵੀਡੀਓ ਤੋਂ ਇਲਾਵਾ ਦਿਲਜੀਤ ਨੇ ਆਪਣੇ ਇੱਕ ਹੋਰ ਭਾਰਤੀ ਪ੍ਰਸ਼ੰਸਕ ਦਾ ਵੀਡੀਓ ਸੋਸ਼ਲ ਮੀਡੀਆ ‘ਤੇ ਸਾਂਝਾ ਕੀਤਾ। ਵੀਡੀਓ ਵਿੱਚ ਪ੍ਰਸ਼ੰਸਕ ਦਿਲਜੀਤ ਦਾ ਹੱਥ ਫੜਦਾ ਹੈ ਤੇ ਦਿਲਜੀਤ ਹੱਥ ਨੂੰ ਮੱਥੇ ਉਪਰ ਲਾ ਲੈਂਦਾ ਹੈ। ਪ੍ਰਸ਼ੰਸਕ ਕਹਿੰਦਾ ਹੈ, ਤੁਸੀਂ ਸਾਡਾ ਮਾਣ ਹੋ। ਸਤਿ ਸ੍ਰੀ ਅਕਾਲ ਸਰ, ਅੱਜ ਦਿਲ ਖੁਸ਼ ਹੋ ਗਿਆ। ਵਾਹਿਗੁਰੂ ਨੇ ਮੇਰਾ ਸੁਪਨਾ ਪੂਰਾ ਕਰ ਦਿੱਤਾ। ਅੱਗੇ ਵਧਦੇ ਰਹੋ, ਸਾਡਾ ਪਿਆਰ ਹਮੇਸ਼ਾ ਤੁਹਾਡੇ ਨਾਲ ਰਹੇਗਾ।

## ਅਦਾਕਾਰ ਅਚਯੁਤ ਪੋਤਦਾਰ ਦਾ ਦੇਹਾਂਤ

ਬਜ਼ੁਰਗ ਅਦਾਕਾਰ ਅਚਯੁਤ ਪੋਤਦਾਰ ਦਾ ਮੁੰਬਈ ਦੇ ਇਕ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਨ੍ਹਾਂ ਦੀ ਉਮਰ 90 ਸਾਲ ਤੋਂ ਵੱਧ ਸੀ। Potdar ‘ਭਾਰਤ ਏਕ ਖੋਜ’, ‘ਪ੍ਰਧਾਨ ਮੰਤਰੀ’ ਤੇ ‘3 ਇਡੀਅਟਸ’ ਜਿਹੀਆਂ ਫਿਲਮਾਂ ਵਿਚ ਆਪਣੀ ਭੂਮਿਕਾ ਤੇ ਕਈ ਹੋਰ ਟੀਵੀ ਸ਼ੋਅਜ਼ ਲਈ ਮਕਬੂਲ ਸਨ।



ਪੋਤਦਾਰ ਨੇ ਕਈ ਮਸ਼ਹੂਰ ਫਿਲਮਾਂ ਅਤੇ ਟੀਵੀ ਸ਼ੋਅ ‘ਅੰਦੋਲਨ’, ‘ਵਾਗਲੇ ਕੀ ਦੁਨੀਆ’, ‘ਦਬੰਗ 2’ ਅਤੇ ‘ਫੇਰਾਰੀ ਕੀ ਸਵਾਰੀ’ ਵਿੱਚ ਸਹਾਇਕ ਭੂਮਿਕਾਵਾਂ ਨਿਭਾਈਆਂ।

# ਬਾਲੀਵੁੱਡ

## ਹੁਣ ਮਨਕੀਰਤ ਔਲਖ ਨੂੰ ਮਿਲੀ ਧਮਕੀ



ਪੰਜਾਬੀ ਗਾਇਕ ਮਨਕੀਰਤ ਔਲਖ ਦੀਆਂ ਮੁਸ਼ਕਿਲਾਂ ਵੱਧ ਗਈਆਂ ਹਨ। ਉਨ੍ਹਾਂ ਨੂੰ ਇੱਕ ਵਾਰ ਫਿਰ ਧਮਕੀ ਮਿਲੀ ਹੈ। ਉਨ੍ਹਾਂ ਨੂੰ ਇੱਕ ਵਿਦੇਸ਼ੀ ਨੰਬਰ ਤੋਂ ਮੈਸੇਜ ਮਿਲਿਆ ਜਿਸ ਵਿੱਚ ਗਾਇਕ ਅਤੇ ਉਸ ਦੇ ਪਰਿਵਾਰ ਨੂੰ ਧਮਕੀ ਦਿੱਤੀ ਗਈ ਹੈ। ਗਾਇਕ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਜ਼ਿਕਰਯੋਗ ਹੈ ਕਿ ਗਾਇਕ ਨੂੰ ਪਹਿਲਾਂ ਹੀ ਪੁਲਿਸ ਸੁਰੱਖਿਆ ਮਿਲ ਚੁੱਕੀ ਹੈ।

ਮਨਕੀਰਤ ਔਲਖ ਨੂੰ ਜਿਹੜਾ ਧਮਕੀ ਭਰਿਆ ਮੈਸੇਜ ਆਇਆ ਹੈ, ਉਸ ਵਿੱਚ ਲਿਖਿਆ ਹੋਇਆ ਹੈ, ਤਿਆਰੀ ਕਰ ਲੈ ਪੁੱਤਰਾ ਤੇਰਾ ਟਾਈਮ ਆ ਗਿਆ, ਚਾਹੇ ਤੇਰੀ ਜਠਾਨੀ ਹੋਵੇ, ਚਾਹੇ ਤੇਰਾ ਬੱਚਾ ਹੋਵੇ, ਸਾਨੂੰ ਕੋਈ ਫਰਕ ਨਹੀਂ ਪੈਂਦਾ, ਪੁੱਤ ਤੇਰਾ ਨੰਬਰ ਲਾਉਣਾ ਹੁੰਦਾ, ਇਹ ਨਾ ਸੋਚੀ ਕਿ ਧਮਕੀ ਦਾ ਕੋਈ ਮਜਾਕ ਕੀਤਾ ਨੰਬਰ ਲਾਣਾ ਪੁੱਤ ਕਿੱਦਾਂ ਲੱਗਦਾ, ਦੇਖੀ ਚੱਲ ਪੁੱਤ ਹੁਣ ਤੇਰੇ ਨਾਲ ਕੀ ਹੋਣਾ।

ਮਨਕੀਰਤ ਔਲਖ ਸੈਕਟਰ 71, ਮੋਹਾਲੀ ਵਿੱਚ ਹੋਮ ਲੈਂਡ ਹਾਈਟਸ ਵਿੱਚ ਆਪਣੇ ਪਰਿਵਾਰ ਨਾਲ ਰਹਿੰਦੇ ਹਨ। ਉਹ ਗਾਇਕੀ ਦੇ ਖੇਤਰ ਵਿੱਚ ਐਕਟਿਵ ਹਨ। ਇਸ ਦੇ ਨਾਲ ਹੀ ਉਹ ਸਮਾਜ ਸੇਵਾ ਦੇ ਖੇਤਰਾਂ ਵਿੱਚ ਵੀ ਯੋਗਦਾਨ ਪਾਉਂਦੇ ਹਨ। ਉਨ੍ਹਾਂ ਨੂੰ ਸਾਲ 2022 ਦੇ ਗੈਂਗਸਟਰ ਦਵਿੰਦਰ ਬੰਬੀਹਾ ਗਰੁੱਪ ਵੱਲੋਂ ਫੇਸਬੁੱਕ ‘ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਸੀ।

## ਮਨੁੱਖ ਦੀ ਦਾਸਤਾਨ ਹੈ ਲਘੂ ਫਿਲਮ ‘ਖੁਸ਼ੀਆਂ’

ਸਰੀ ਦੇ ਰਹਿਣ ਵਾਲੇ ਨੌਜਵਾਨ ਲੇਖਕ, ਫਿਲਮ ਨਿਰਮਾਤਾ, ਨਿਰਦੇਸ਼ਕ ਰਵੀਇੰਦਰ ਸਿੱਧੂ ਵੱਲੋਂ ਬਣਾਈ ਗਈ ਲਘੂ ਫਿਲਮ ‘ਖੁਸ਼ੀਆਂ’ ਦਾ ਪ੍ਰੀਮੀਅਰ ਸ਼ੋਅ ਖਾਲਸਾ ਲਾਇਬਰੇਰੀ ਸਰੀ ਵਿਖੇ ਦਿਖਾਇਆ ਗਿਆ। ਇਸ ਸ਼ੋਅ ਦੌਰਾਨ ਫਿਲਮ ਦੇ ਅਦਾਕਾਰਾਂ ਦੀ ਪੂਰੀ ਟੀਮ ਵੀ ਹਾਜ਼ਰ ਸੀ।



ਇਸ ਫਿਲਮ ਵਿਚ ਪੈਸੇ ਅਤੇ ਵੱਡੀਆਂ ਵੱਡੀਆਂ ਖ਼ਾਹਿਸ਼ਾਂ ਵਿਚ ਗਲਤਾਨ ਅਜੋਕੇ ਮਨੁੱਖ ਦੀ ਦਾਸਤਾਨ ਨੂੰ ਬਹੁਤ ਹੀ ਖੂਬਸੂਰਤੀ ਨਾਲ ਫਿਲਮਾਇਆ ਗਿਆ ਹੈ। ਵੱਖ ਵੱਖ ਖੇਤਰਾਂ ਵਿਚ ਵਿਚਰਦੇ ਲੋਕਾਂ ਦੀਆਂ ਕਹਾਣੀਆਂ ਰਾਹੀਂ ਦਰਸਾਇਆ ਗਿਆ ਹੈ ਕਿ ਅੱਜ ਲੋਕ ਦਿਖਾਵੇ ਦੀ ਦੌੜ ਵਿਚ ਇਨਸਾਨ ਆਪਣੀਆਂ ਅੰਦਰੂਨੀ ਖੁਸ਼ੀਆਂ ਤੋਂ ਮਹਿਰੂਮ ਹੋ ਰਿਹਾ ਹੈ ਅਤੇ ਮਾਨਸਿਕ ਉਲਝਣਾਂ, ਉਦਾਸੀਆਂ ਦਾ ਸ਼ਿਕਾਰ ਹੋ ਕੇ ਨੀਰਸ ਜ਼ਿੰਦਗੀ ਜਿਉਂ ਰਿਹਾ ਹੈ। ਫਿਲਮ ਵਿਚ ਰਵੀ ਸਿੱਧੂ, ਅੰਗਰੇਜ਼ ਬਰਾੜ, ਨਵਦੀਪ ਗਿੱਲ, ਸੁਖਵਿੰਦਰ ਸੁੱਖੀ ਰੋਡੇ, ਲਵੀ ਪੰਨੂ, ਹਰਮੀਤ ਵਿਰਕ, ਖੁਸ਼ਬੀਰ ਕੌਰ, ਅਮਨ ਅਤੇ ਰਮਨ ਬੱਲ ਨੇ ਆਪੋ ਆਪਣੇ ਕਿਰਦਾਰਾਂ ਨੂੰ ਬਾਖੂਬੀ ਨਿਭਾਇਆ। ਫਿਲਮ ਦੇ ਡਾਇਲਾਗ ਅਤੇ ਸਿਨੇਗ੍ਰਾਫੀ ਵੀ ਬਾਕਮਾਲ। ਪ੍ਰੀਮੀਅਰ ਸ਼ੋਅ ਵਿਚ ਪਹੁੰਚੇ ਨਾਮਵਰ ਸ਼ਾਇਰ ਜਸਵਿੰਦਰ, ਮੋਹਨ ਗਿੱਲ, ਹਰਦਮ ਮਾਨ, ਲੱਖਾ ਸਿੱਧਵਾਂ, ਗੁਰਦੀਪ ਭੁੱਲਰ, ਹਰਪ੍ਰੀਤ ਲੋਹਚਮ, ਹਰਸ਼ਰਨ ਕੌਰ ਧਾਲੀਵਾਲ, ਜਗਸੀਰ ਬਰਾੜ, ਕੁਲਵਿੰਦਰ ਸਿੰਘ ਕਾਮੇ ਕਾ, ਬਿੰਦਰ ਰੋਡੇ, ਪਰਮਜੀਤ ਸਿੰਘ ਸੇਖੋਂ, ਮਹੇਸ਼ਇੰਦਰ ਮਾਂਗਟ ਨੇ ਇਸ ਫਿਲਮ ਨੂੰ ਘਰ ਘਰ ਦੀ ਕਹਾਣੀ ਦੱਸਿਆ ਅਤੇ ਮੌਜੂਦਾ ਦੌਰ ਵਿਚ ਇਸ ਅਣਗੌਲੇ ਸਮਾਜਿਕ ਪੱਖ ਨੂੰ ਉਜਾਗਰ ਕਰਨ ਲਈ ਨਿਰਮਾਤਾ ਨਿਰਦੇਸ਼ਕ ਰਵੀਇੰਦਰ ਸਿੱਧੂ ਦਾ ਧੰਨਵਾਦ ਕੀਤਾ। ਰਵੀਇੰਦਰ ਸਿੱਧੂ ਅਤੇ ਅਦਾਕਾਰਾਂ ਨੇ ਪ੍ਰੀਮੀਅਰ ਸ਼ੋਅ ਵਿਚ ਸ਼ਾਮਲ ਹੋ ਕੇ ਫਿਲਮ ਬਾਰੇ ਆਪਣੇ ਵਿਚਾਰ ਦੇਣ ਲਈ ਸਭਨਾਂ ਮਹਿਮਾਨਾਂ ਦਾ ਧੰਨਵਾਦ ਕੀਤਾ।

**ਹਰਦਮ ਮਾਨ**

# Dr. Dhanju

## We'll take care of your Teeth



**General**
Exams/Cleaning
Dental Sealants
Root Canals
Crowns/Caps
Duentures
Gum Disease

**Cosmetic**
Teeth Whitening
Veneers
Smile Design

**Surgical**
Wisdom Teeth
Implants

**High-Tech Exam**
Dignodent
Digital X-Rays
Intra-Oral Camera

**SURREY**
206 - 15230 56 Ave
(HWY 10),
604-200-3993

**SURREY**
7126 King George
Blvd,
604.591.8999

**RICHMOND**
Suite 1946 6060 Minoru Blvd. Inside
Richmond Centre
(Close to Shoppers Drug Mart)
604.276.2442

**SURREY**
Suite 300 15850
24th Ave.
604.536.2700

# JASSAL SIGNS

## *From Concept to Completion*







- ***Vehicle Wraps***
- ***Business Cards Signs & Posters***
- ***Wide Format Printing***
- ***Banners & Truck Signs***
- ***Invoices & Logo Sheets***
- ***Logo Design & Real Estate Signs***
- ***Channel Letters & Light Boxes & More***

604-599-4221

Email: info@jassalsigns.com

**Surrey**

#101 - 7728 128 St,
Surrey

**Cloverdale**

#101- 6592 176 St,
Cloverdale

**WWW.JASSALSIGNS.COM**

# ਬ੍ਰਿਟੇਨ ’ਚ ਦੋ ਸਿੱਖ ਬਜ਼ੁਰਗਾਂ ’ਤੇ ਕੀਤੇ ਨਸਲੀ ਹਮਲੇ

**ਦਿੱਲੀ**: ਯੂਕੇ ਵਿੱਚ ਤਿੰਨ ਨੌਜਵਾਨਾਂ ਨੇ ਸਿੱਖ ਭਾਈਚਾਰੇ ਦੇ ਦੋ ਲੋਕਾਂ ‘ਤੇ ਨਸਲੀ ਹਮਲਾ ਦੇਖਿਆ ਹੈ। ਉਨ੍ਹਾਂ ਨੇ ਸੜਕ ਦੇ ਵਿਚਕਾਰ ਸਿੱਖਾਂ ਨੂੰ ਕੁੱਟਿਆ, ਜਿਸ ਦੌਰਾਨ ਉਨ੍ਹਾਂ ਦੀ ਪੱਗ ਵੀ ਉਤਰ ਗਈ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ‘ਤੇ ਵਾਇਰਲ ਹੋ ਰਹੀ ਹੈ।

ਇਹ ਮਾਮਲਾ ਯੂਕੇ ਦੇ ਵੁਲਵਰਹੈਂਪਟਨ ਰੇਲਵੇ ਸਟੇਸ਼ਨ ਦੇ ਨੇੜੇ ਦੱਸਿਆ ਜਾ ਰਿਹਾ ਹੈ, ਜਿੱਥੇ ਤਿੰਨ ਨੌਜਵਾਨਾਂ ਨੇ ਅਚਾਨਕ ਸਿੱਖਾਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ।

ਪੁਲਿਸ ਨੇ ਤਿੰਨਾਂ ਦੋਸ਼ੀਆਂ ਨੂੰ ਹਿਰਾਸਤ ਵਿੱਚ ਲੈ ਲਿਆ। ਹਾਲਾਂਕਿ, ਬਾਅਦ ਵਿੱਚ ਤਿੰਨਾਂ ਨੂੰ ਜ਼ਮਾਨਤ ‘ਤੇ ਰਿਹਾਅ ਕਰ ਦਿੱਤਾ ਗਿਆ।

**ਸੁਖਬੀਰ ਬਾਦਲ ਨੇ ਨਾਰਾਜ਼ਗੀ ਪ੍ਰਗਟ ਕੀਤੀ:**

ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਸੁਖਬੀਰ ਸਿੰਘ ਬਾਦਲ ਨੇ ਇਸ ਘਟਨਾ ‘ਤੇ ਇਤਰਾਜ਼ ਜਤਾਇਆ ਹੈ ਅਤੇ ਵਿਦੇਸ਼ ਮੰਤਰੀ ਐਸ.




ਜੈਸ਼ੰਕਰ ਤੋਂ ਇਹ ਮਾਮਲਾ ਯੂਕੇ ਸਰਕਾਰ ਸਾਹਮਣੇ ਉਠਾਉਣ ਦੀ ਮੰਗ ਕੀਤੀ ਹੈ।

ਸੁਖਬੀਰ ਬਾਦਲ ਨੇ ਪੋਸਟ ਸਾਂਝੀ ਕਰਦਿਆਂ ਲਿਖਿਆ, “ਮੈਂ ਯੂਕੇ ਵਿੱਚ ਦੋ ਬਜ਼ੁਰਗ ਸਿੱਖਾਂ ‘ਤੇ ਹੋਏ ਇਸ ਭਿਆਨਕ ਹਮਲੇ ਦੀ ਸਖ਼ਤ ਨਿੰਦਾ ਕਰਦਾ ਹਾਂ। ਇਸ ਦੌਰਾਨ ਇੱਕ ਸਿੱਖ ਦੀ ਪੱਗ ਜ਼ਬਰਦਸਤੀ ਉਤਾਰ ਦਿੱਤੀ ਗਈ। ਸਭ ਦੀ ਭਲਾਈ ਚਾਹੁੰਦਾ ਸਿੱਖ ਭਾਈਚਾਰੇ ਵਿਰੁੱਧ ਅਜਿਹੀ ਨਫ਼ਰਤ, ਵਿਤਕਰੇ ਵਾਲੀ ਮਾਨਸਿਕਤਾ ਨੂੰ ਦਰਸਾਉਂਦੀ ਹੈ।“

ਮੈਂ ਯੂਕੇ ਦੇ ਗ੍ਰਹਿ ਮੰਤਰਾਲੇ ਅਤੇ ਪੁਲਿਸ ਨੂੰ ਪੀੜਤਾਂ ਨੂੰ ਇਨਸਾਫ਼ ਦਿਵਾਉਣ ਦੀ ਬੇਨਤੀ ਕਰਦਾ ਹਾਂ। ਮੈਂ ਕੇਂਦਰੀ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੂੰ ਵੀ ਅਪੀਲ ਕਰਦਾ ਹਾਂ ਕਿ ਉਹ ਇਸ ਮਾਮਲੇ ਨੂੰ ਯੂਕੇ ਸੰਸਦ ਵਿੱਚ ਉਠਾਉਣ, ਤਾਂ ਜੋ ਯੂਕੇ ਵਿੱਚ ਸਿੱਖ ਭਾਈਚਾਰੇ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

ਬ੍ਰਿਟਿਸ਼ ਪੁਲਿਸ ਨੇ ਵੀ ਅਜਿਹੇ ਵਿਵਹਾਰ ਵਿਰੁੱਧ ਚੇਤਾਵਨੀ ਜਾਰੀ ਕੀਤੀ ਹੈ। ਪੁਲਿਸ ਦਾ ਕਹਿਣਾ ਹੈ, “ਅਸੀਂ ਅਜਿਹੇ ਵਿਵਹਾਰ ਨੂੰ ਬਰਦਾਸ਼ਤ ਨਹੀਂ ਕਰਾਂਗੇ। ਅਸੀਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਤਿੰਨੋਂ ਮੁਲਜ਼ਮਾਂ ਨੂੰ ਮੌਕੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਉਨ੍ਹਾਂ ਤੋਂ ਪੁੱਛਗਿੱਛ ਜਾਰੀ ਹੈ।”

# ਟਰੰਪ ਨੇ 6000 ਤੋਂ ਵੱਧ ਵਿਦਿਆਰਥੀ ਵੀਜ਼ੇ ਰੱਦ




**ਦਿੱਲੀ**: ਟਰੰਪ ਪ੍ਰਸ਼ਾਸਨ ਨੇ 6000 ਵਿਦਿਆਰਥੀ ਵੀਜ਼ੇ ਰੱਦ ਕਰ ਦਿੱਤੇ ਹਨ। ਇਨ੍ਹਾਂ ਵਿੱਚੋਂ ਵੱਡੀ ਗਿਣਤੀ ਭਾਰਤੀ ਵਿਦਿਆਰਥੀਆਂ ਦੀ ਵੀ ਹੋ ਸਕਦੀ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਹ ਵੀਜ਼ੇ ਸਮੇਂ ਤੋਂ ਵੱਧ ਸਮੇਂ ਤੱਕ ਠਹਿਰਨ ਅਤੇ ਕਾਨੂੰਨ ਤੋੜਨ ਕਾਰਨ ਰੱਦ ਕੀਤੇ ਗਏ ਹਨ।

ਅੱਤਵਾਦ ਦਾ ਸਮਰਥਨ ਕਰਨ ਵਾਲਿਆਂ ਦੇ ਵੀਜ਼ੇ ਵੀ ਰੱਦ ਕੀਤੇ ਗਏ ਹਨ। ਅਧਿਕਾਰੀਆਂ ਨੇ ਕਿਹਾ ਕਿ 4000 ਵੀਜ਼ੇ ਇਸ ਲਈ ਰੱਦ ਕੀਤੇ ਗਏ ਕਿਉਂਕਿ ਸੈਲਾਨੀਆਂ ਨੇ ਕਾਨੂੰਨ ਤੋੜਿਆ ਸੀ, ਜਿਨ੍ਹਾਂ ਵਿੱਚੋਂ ਵੱਡੀ ਗਿਣਤੀ ਹਮਲਿਆਂ ਵਿੱਚ ਸ਼ਾਮਲ ਸੀ।

ਅੱਤਵਾਦ ਦਾ ਸਮਰਥਨ ਕਰਨ ਵਾਲਿਆਂ ਦੇ 200 ਤੋਂ 300 ਵੀਜ਼ੇ ਰੱਦ ਕਰ ਦਿੱਤੇ ਗਏ ਸਨ। ਹਾਲਾਂਕਿ, ਅਧਿਕਾਰੀਆਂ ਨੇ ਇਹ ਨਹੀਂ ਦੱਸਿਆ ਕਿ ਉਹ ਕਿਸ ਸਮੂਹ ਦਾ ਸਮਰਥਨ ਕਰ ਰਹੇ ਸਨ।

A1 SPORTS.ca

6638 152A St Unit 109, Surrey BC V3X 7J1

13375 72 Ave, Surrey, BC V3W 2N5



604-597-8356

WE CAN PRINT OR
EMBROIDER YOUR COMPANY
LOGO OR NAME
ON ANY HATS, SHIRTS,
JACKETS AND PANTS




ਸਕਿਉਰਿਟੀ ਗਾਰਡਾਂ ਵਾਸਤੇ ਜੈਕਟਾਂ,
ਸ਼ਰਟਾਂ, ਗਰਮ ਟੋਪੀਆਂ

- TEAM UNIFORMS - CORPORATE LOGOS
- CUSTOM EMBROIDERY
- SCREEN PRINTING
- ALL PROMOTIONAL ITEMS

SECURITY JACKETS, SHIRTS
AND ACCESSORIES



20 ਤੋਂ ਵੱਧ ਡਿਜ਼ਾਇਨਾ ਵਿੱਚ
ਟਰੈਕ ਸੂਟ, ਜੈਕਟਾਂ,ਪਜਾਮੇ, ਕੋਟੀਆਂ

Vol. 18, Issue: 34

Friday, August 22, 2025

# REALTY CLASSIFIEDS

W: www.realtyclassifieds.ca | E: design@swmediagroup.ca | Ph: 604-312-5678,

## Housing affordability is improving across most of Canada

Prospective homebuyers across Canada saw a brief reprieve in July as a mix of easing mortgage rates and stable home prices improved affordability conditions in nearly every major market, according to Ratehub.ca's latest Affordability Report.

The study, which examines average home prices, mortgage rates, and the mortgage stress test, found that 12 of 13 Canadian cities became more affordable for buyers last month.

"This month, the majority of the cities we studied saw improved home affordability," said Penelope Graham, mortgage expert at Ratehub.ca. "Mortgage rates dropped slightly this month and most cities also saw home prices decline."

Data from the Canadian Real Estate Association (CREA) showed the national average home price was nearly unchanged year over year at $672,784, up just 0.6%. Despite stronger sales activity, prices have not yet begun to rise.

Meanwhile, the average five-year fixed mortgage rate in the study eased to 4.4% in July, down from 4.8% in June. The mortgage stress test also fell to 6.4% from 6.48%, helping borrowers qualify for larger mortgages.

"With sales posting a fourth consecutive increase in July, and almost 4% at that, the long-anticipated post-inflation crisis pickup in housing seems to have finally arrived," said Shaun Cathcart, CREA's senior economist. "Looking ahead a little bit, it will be interesting to see how buyers react to the burst of new supply that typically shows up in the first half of September."

Toronto saw the largest affordability gain for the second month in a row, as average home prices fell by $14,100 to $981,000. Buyers in the city required $4,040 less annual income to purchase the average home compared with June, and monthly mortgage payments dropped by $112.

## Lifestyle
REAL ESTATE GROUP




**$1,299,900**
11101 - 72A Avenue
*Upgraded and move in ready basement home in Royal York!*



**$1,299,900**
8646 - 115A Street
*Investor Alert! Solid 4 bdrm 2 bath family home on a quiet street!*



**$4,798,600**
12010 - 265A Street
*1.5 acre ultimate multi generational estate property in Forest Hills!*



**$785, 000**
#222 - 7837 - 120A St.
*Spacious & bright 1692 sq ft townhouse close to everything!*



**$528,000**
#207 - 9767 - 140 St.
*Large 1000+ sqft condo with 2 bedrooms close to everything!*




**$969, 000**
128-6109 W. Boundary
*Charming 3 bdrm, 2.5 bath home in Lakewood Gardens!*



**Tom Edwards**
Personal Real Estate Corporation
604-341-6884
tom@northdeltahomes.com
www.northdeltahomes.com
www.lifestylerealestategroup.ca
@tomedwardsremax
RE/MAX (604) 590-4888
1 1925 80 Ave, Delta, BC V4C 1Y 1

Lifestyle REAL ESTATE GROUP



# HARMINDER S. PATTAR PREC

Jovi | Realty.

## 604-377-2854

**BUILDERS OR INVESTOR ALERT!**
**I have BIG Chinese Investors, they are looking for Investment in Multi-family Townhouses and Hotel sites. Call for more details.**




### 2681 E 41 AVE, VANCOUVER

Court order sale, duplex that requires some finishing. 3 level (non-strata) front and back duplex for sale with 4 bed room & 3 bath room with 1749 sqft on each side, big duplex, separate entrance in the basement. Purchaser must be able to have a new home warranty and be a licensed builder. Buyer must do their due diligence from the City of Vancouver regarding permits. Good size lot appx. 4,653.00 sq.ft with detached garage and lane access.

~~$2,750,000~~
**$2,699,000**

### COMMERCIAL PLAZA FOR SALE 2638-2640 CEDAR PARK PLACE, ABBOTSFORD



THIS IS A FULLY LEASED WITH 10 SEPARATELY LEASED RETAIL. COMMERCIAL PROPERTY SITUATED IN THE HEART OF ABBOTSFORD.. IT IS LOCATED JUST TWO BLOCK FROM CITY HALL CORNER OF SOUTH FRASER WAY AD CEDAR PARK PLACE. ITS OVER 17000 SQ FT BUILDING SITUATED ON OVER 13000 SQ FT LOT AREA, ITS HIGH VISIBLE PROMINENT WITH LARGE FRONTAGE.

**$7,500,000**




Court Order Sale. Property is sold as is where is. This 5 bedroom 4 bathroom split-level home is very well maintained in a family oriented neighbourhood. Quiet Street with tons of privacy, the generous kitchen boasts granite countertops and spacious island, while large windows flood the space with natural light. Private 2 car garage. Very well maintained. Located in a GREAT LOCATION with easy access to major highways, shopping, and schools. Measurements approx. buyer to verify if important. School Catchment: Maddaugh Elementary & EcholeSalish Secondary. For more information please call. (30811618)

**$1,429,000**

### #45 12036 66 AVE, SURREY $858,000




Discover this beautiful , bright and spacious 3-bedroom, 2.5-bathroom townhome in a highly desirable central location.The home features a spacious west-facing sundeck, perfect for soaking in the afternoon sun or enjoying evening relaxation.The double tandem garage offers convenient parking andextra storage. With public transit just steps away on scott road, commuting is a breeze.Families will love the proximity to top-rated schools, ensuringexcellent education options. You'll also find a variety of shopping, dining, and entertainment options nearby, making this home a perfect blend of convenience and comfort.

### 45594 MEADOWBROOK DRIVE, CHILLIWACK 1,050,000




Court order sale built in 2019 5 bedrm, 4 bathrm perfect home very desirable location across the street from Meadowbrook park to raise your family ,modern 3 story with 1 bedroom basement suite with separate entrance ,home has amazing finishing w/ top quality kitchen ,stone counter tops, large island luxury spa bathroom, central air condition ,fenced yard, outside BBQ connections ,hi efficiency furnace tank-less water heater ,Embrace the fabulous area with amenities within walking distance to Meadowbrook park ,middle/high school , shopping ,transit ,close access to HWY 1, BEAUTIFUL PLAYGROUND RITR IN FRONT.

### 11132 PATRICIA DRIVE, DELTA $$1,340,000




Court Order Sale. This 5 bedroom 3 bathroom split-level home is very well maintained in a family oriented neighborhood. Quiet Street with tons of privacy, very easily convert downstairs into a suite(Kitchen and separate entry already downstairs). Home gets tons of natural light and has had a few updates throughout the years: new floors, kitchen cabinets, deck in the backyard. Quick access to Alex Fraser Bridge to get Richmond and New Westminster & Highway 17 to get to Langley & Surrounding areas.

THE PUBLISHED INFORMATION IS FROM RELIABLE SOURCES BUT SHOULD NOT BE RELIED UPON WITHOUT VERIFICATION. REALTY CLASSIFIEDS ASSUME NO RESPONSIBILITY FOR ITS ACCURACY. PLEASE CONTACT YOUR LOCAL REALTOR FOR FURTHER VERIFICATION AND DETAILS. THANK YOU.

# AJIT THALIWAL

## CELL: 604-727-5166

ajitsthaliwal@gmail.com

RE/MAX



OUR FIRST JOURNEY IS TO FIND THAT
## SPECIAL PLACE FOR YOU

**WE SPECIALIZE IN LAND ASSEMBLY, LOTS AND RESIDENTIAL PROPERTIES**




Introducing Another Award Winning Community by Infinity Living "Richstone Hamilton" nestled in the quiet rapidly growing Richmond Suburb of Hamilton. 25 Farmhouse inspired townhomes with gorgeous finishings estimated for completion in May 2025. These 3 Bedroom townhomes boast designer kitchens, Fisher & Paykel appliance package, authentic imported European tiles, Quartz countertops, custom wood work, Air Con/Heat Pump/HRV and double tandem/side by side garages. These units are very well appointed. Walking distance to Shopping, schools, parks, childcare and transit. Please contact us for more details and information .




Over half an acre of prime development land next to Cap-It and other major anchors. The current use is non-conforming motel and 9 units are rented for great holding income. The property is M2 zoned for business industrial uses and ready for building permit for the development of your choice with very few restrictions. See City of Chilliwack M2 zoning permit guidelines.




Beautiful new home in a great neighborhood on the best street, sparing no expense this home has everything you could want and more. Marble entry, and custom wainscotting throughout the home.




Builders own home! Very Rarely on the Market this Gorgeous 6 Bed 5.5 Bath home with Coach House is not to be missed. Main home consists of 5 Bedrooms and 4.5 Bath Custom designed for the Owner/Builder. High Ceilings in the Living and Dining with beautiful wainscotting and custom woodworking throughout the home, all counter are either European stone & marble, imported tiles, custom cabinetry in the gourmet kitchen. Backyard built for entertaining with a covered patio. Huge Bonus on this home is the legal COACH HOUSE 1 Bedroom Suite with a separate laundry. Location is Key on the west side of Richmond but a very central location. A stones throw from all Levels of Schools, transit, shopping, doctors and the hospital. School Catchment: Blundell Elementary school and Stevenston London HS. OPEN HOUSE - Sat Sep 14 - 2-4pm.




A True Show Home that is absolutely stunning and totally remodeled with all high end finishing's to perfection. This home is located in a very desirable and prime family Neighborhood.




This property is located at 3440 Trumond Avenue, Richmond, BC, in the neighbourhood of Seafair. The current median list price for similar homes for sale in the vicinity is $1,910,000.




This property is located at 10320 Railway Avenue, Richmond, BC, in the neighbourhood of Steveston North.




This property is located at 10226 Railway Avenue, Richmond, BC, in the neighborhood of Steveston North.




This property is located at 10220 Railway Avenue, Richmond, BC, in the neighbourhood of Steveston North.




Prime Location! Well kept 2 story house good size nice lot 6,000 sq. ft in a desirable neighborhood in North Delta. This house offers 3 beds and 1.5 baths on main floor.

# ਟਰੰਪ ਦਾ ਕੀ ਪਤਾ ਕਦੋਂ ਕੀ ਕਹਿ ਦੇਵੇ

ਟਰੰਪ ਦਾ ਵਪਾਰਕ ਸਮਝੌਤਾ ਕਿਸੇ ਦੇਸ਼ ਨਾਲ ਸਥਾਈ ਨਹੀਂ। ਟਰੰਪ ਟੈਰਿਫ ਸਥਾਈ ਨਹੀਂ। ਧਮਕਾਓ ਤੇ ਮਨਮਰਜ਼ੀ ਦਾ ਸਮਝੌਤਾ ਕਰੋ। ਟਰੰਪ ਬਿਮਾਰ ਮਾਨਸਿਕਤਾ ਵਾਲਾ ਵਿਅਕਤੀ ਹੈ। ਪਤਾ ਨਹੀਂ ਕਦੋਂ ਕੀ ਕਹਿ ਦੇਵੇ। ਵ੍ਹਾਈਟ ਹਾਊਸ ਵਿਚ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਅਤੇ ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਰਾਮਾਫੋਸਾ ਦੀ ਬੇਇੱਜ਼ਤੀ ਤੋਂ ਕੌਣ ਜਾਣੂ ਨਹੀਂ?

ਅਮਰੀਕੀ ਰਾਸ਼ਟਰਪਤੀ ਪਦ ਦੀ ਚੋਣ ਜਿੱਤਣ ਤੋਂ ਬਾਅਦ ਡੋਨਾਲਡ ਟਰੰਪ ਨੇ ਦੂਜੀ ਵਾਰ 21 ਜਨਵਰੀ 2025 ਨੂੰ ਇਹ ਅਹੁਦਾ ਸੰਭਾਲਿਆ। ਟਰੰਪ ਦਾ ਪਿਛਲਾ ਕਾਰਜਕਾਲ ਸੰਨ 2017 ਤੋਂ 2021 ਤਿੱਖੇ ਵਿਵਾਦਾਂ, ਅੰਦਰੂਨੀ ਅਤੇ ਬਾਹਰੀ ਟਕਰਾਵਾਂ ਜਿਸ ਵਿਚ ਦੋ ਵਾਰ ਚੱਲੇ ਮਹਾਦੋਸ਼ ਵੀ ਸ਼ਾਮਲ ਹਨ, ਵਿਚ ਗੁਜ਼ਰ ਗਿਆ। ਇਸ ਕਾਰਜਕਾਲ ਵਿਚ ਪੈਂਦਿਆਂ ਹੀ ਉਸ ਨੇ ਕੌਮਾਂਤਰੀ ਵਿਸ਼ਵ ਵਪਾਰ ਸਿਸਟਮ 'ਤੇ ਤਾਬੜਤੋੜ ਹਮਲਾ ਕਰਦੇ ਹੋਏ ਆਲਮੀ ਪੱਧਰ 'ਤੇ ਵਪਾਰਕ ਜੰਗ ਛੇੜ ਦਿੱਤੀ।

ਸਾਰੀ ਦੁਨੀਆ ਜਾਣਦੀ ਹੈ ਕਿ ਭਾਰਤ ਕਦੇ ਸੋਨੇ ਦੀ ਚਿੜੀ ਅਤੇ ਵਿਸ਼ਵ ਗੁਰੂ ਅਖਵਾਉਂਦਾ ਸੀ। ਇਸ ਦੀਆਂ ਮਹਾਨ ਵਿਦਵਤਾ ਭਰਪੂਰ ਨਾਲੰਦਾ, ਤਕਸ਼ਿਲਾ, ਵਿਕਰਮਸ਼ਲਾ, ਵਾਲੱਭੀ, ਜਗਦਲਾ, ਨਾਗਰਜੁਨਾ, ਮਿਥਲਾ ਆਦਿ ਯੂਨੀਵਰਸਿਟੀਆਂ ਵਿਖੇ ਵਿਸ਼ਵ ਭਰ ਤੋਂ ਵਿਦਿਆਰਥੀ ਗਿਆਨ ਪ੍ਰਾਪਤੀ ਲਈ ਆਉਂਦੇ ਸਨ। ਅਕਸਰ ਪ੍ਰਧਾਨ ਮੰਤਰੀ ਮੋਦੀ 'ਭਾਰਤ ਨੂੰ ਮੁੜ ਮਹਾਨ ਅਤੇ ਵਿਸ਼ਵ ਗੁਰੂ' ਬਣਾਉਣ ਦਾ ਸੰਕਲਪ ਦੁਹਰਾਉਂਦੇ ਵੇਖੇ ਜਾਂਦੇ ਹਨ। ਕੌਮਾਂਤਰੀ ਮੁਦਰਾਕੋਸ਼ ਅਨੁਸਾਰ ਸੰਨ 2028 ਵਿਚ ਜਰਮਨੀ ਨੂੰ ਪਛਾੜ ਕੇ ਭਾਰਤ ਵਿਸ਼ਵ ਦੀ ਤੀਜੀ ਵੱਡੀ ਆਰਥਿਕਤਾ ਬਣ ਜਾਵੇਗਾ।

ਓਧਰ ਅਮਰੀਕੀ ਰਾਸ਼ਟਰਪਤੀ ਟਰੰਪ ਵੀ ਅਮਰੀਕਾ ਨੂੰ 'ਮੁੜ ਮਹਾਨ ਸ਼ਕਤੀਸ਼ਾਲੀ ਦੇਸ਼' ਬਣਾਉਣਾ ਚਾਹੁੰਦਾ ਹੈ। ਇਹ ਇਕ ਸ਼ਲਾਘਾਯੋਗ ਸੰਕਲਪ ਹੈ। ਪਰ ਇਸ ਦੀ ਬਦਸੂਰਤੀ ਇਹ ਹੈ ਕਿ ਅਮਰੀਕਾ ਇਸ ਲਈ ਭਾਰਤ ਦੇ ਉਲਟ ਜੰਗਬਾਜ਼, ਧਮਕੀ ਭਰਪੂਰ, ਸਰਮਾਏਦਾਰ, ਬਸਤੀਵਾਦੀ, ਵਿਨਾਸ਼ਕਾਰੀ, ਧੋਖੇਬਾਜ਼ ਹਿੰਸਕ ਅਤੇ ਖ਼ਤਰਨਾਕ ਨੀਤੀਆਂ ਅਪਣਾ ਰਿਹਾ ਹੈ।

ਹਕੀਕਤ ਇਹ ਹੈ ਕਿ ਅਮਰੀਕੀ ਆਰਥਿਕਤਾ ਅੰਦਰੋਂ ਬੁਰੀ ਤਰ੍ਹਾਂ ਟੁੱਟ ਰਹੀ ਹੈ। ਆਪਣੀ ਕਮਜ਼ੋਰੀ ਛੁਪਾਉਣ ਲਈ ਇਸ ਨੇ ਆਪਣੇ ਭਾਰਤ ਅੰਦਰ



ਸਾਬਕਾ ਵਪਾਰਕ ਪ੍ਰਤੀਨਿਧ ਰਾਬਰਟ ਲਾਈਟ ਹਾਈਜ਼ਰ ਜੋ ਮਈ 2017 ਤੋਂ 20 ਜਨਵਰੀ 2021 ਤੱਕ ਇਸ ਅਹੁਦੇ 'ਤੇ ਰਿਹਾ, ਰਾਹੀਂ ਭਾਰਤ ਵਿਰੋਧੀ ਪ੍ਰਾਪੇਗੰਡਾ ਸ਼ੁਰੂ ਕੀਤਾ ਹੈ ਕਿ ਇਸ ਦੇਸ਼ ਨੂੰ 15 ਧਨਾਢ ਕਾਰਪੋਰੇਟਰ ਚਲਾ ਰਹੇ ਹਨ। ਜਦਕਿ ਸੱਚਾਈ ਇਹ ਹੈ ਕਿ ਅਮਰੀਕਾ ਨੂੰ 8-10 ਧਨਾਢ ਚਲਾ ਰਹੇ ਹਨ ਜਿਨ੍ਹਾਂ ਨੇ ਅੰਨ੍ਹਾ ਧਨ ਅਤੇ ਹੋਰ ਸਰੋਤ ਵਰਤ ਕੇ ਡੋਨਾਲਡ ਟਰੰਪ ਨੂੰ ਮੁੜ ਰਾਸ਼ਟਰਪਤੀ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਇਹ ਧਨਾਢ ਕਾਰਪੋਰੇਟਰ ਅਮਰੀਕੀ ਸਰਦਾਰੀ ਹੇਠ 'ਆਲਮੀ ਆਰਥਿਕ ਵਿਵਸਥਾ ਦੀ ਮੁੜ ਕ੍ਰਮਬੱਧਤਾ' ਆਪਣੇ ਨਿੱਜੀ ਹਿੱਤਾਂ ਲਈ ਕਰਨਾ ਚਾਹੁੰਦੇ ਹਨ।

'ਆਲਮੀ ਆਰਥਿਕ ਵਿਵਸਥਾ ਦੀ ਮੁੜ ਕ੍ਰਮਬੱਧਤਾ' ਲਈ ਟਰੰਪ ਪ੍ਰਸ਼ਾਸਨ ਪੂਰੇ ਵਿਸ਼ਵ ਦੇ ਪ੍ਰਭੂਸੱਤਾ ਸੰਪੰਨ ਦੇਸ਼ਾਂ ਨੂੰ ਆਪਣੀਆਂ ਬਸਤੀਆਂ ਵਿਚ ਤਬਦੀਲ ਕਰਨਾ ਚਾਹੁੰਦਾ ਹੈ। ਉਹ ਚਾਹੁੰਦਾ ਹੈ ਉਹ ਅਮਰੀਕਾ ਅੰਦਰ ਨਿਵੇਸ਼ ਕਰਨ, ਸਨਅਤਾਂ ਅਤੇ ਕਾਰੋਬਾਰ ਸਥਾਪਤ ਕਰਨ। ਅਮਰੀਕੀ ਉਤਪਾਦਤ ਵਸਤਾਂ ਜ਼ੀਰੋ ਟੈਰਿਫ 'ਤੇ ਆਪਣੇ ਦੇਸ਼ਾਂ ਵਿਚ ਆਯਾਤ ਕਰ ਕੇ ਆਪਣੀਆਂ ਮੰਡੀਆਂ ਵਿਚ ਵੇਚਣ। ਉਸ ਤੋਂ ਆਟੋ ਸਪੇਅਰ ਪਾਰਟਸ, ਕਾਰਾਂ, ਤੇਲ, ਗੈਸ, ਹਥਿਆਰ, ਖਾਣ-ਪੀਣ ਦੀਆਂ ਵਸਤਾਂ ਖ਼ਰੀਦਣ। ਇਸ ਮੰਤਵ ਲਈ ਉਸ ਨੇ ਮਾਰੂ ਟਰੰਪ ਟੈਰਿਫ ਨੀਤੀ ਹਥਿਆਰ ਦੀ ਦੁਰਵਰਤੋਂ ਸ਼ੁਰੂ ਕੀਤੀ। ਇਸ ਨੀਤੀ ਦਾ ਬਦਨਾਮ ਘਾੜਾ ਟਰੰਪ ਦਾ ਵਪਾਰਕ ਸਲਾਹਕਾਰ ਪੀਟਰ ਨਾਵਾਰੋ ਹੈ। ਉਹ ਖੁੱਲ੍ਹੇ ਵਪਾਰ ਦਾ ਵਿਰੋਧੀ ਹੈ।

ਅਮਰੀਕੀ ਕਾਂਗਰਸ ਤੇ ਸੈਨੇਟ ਵਿਚ ਰਿਪਬਲਿਕਨਾਂ ਦੀ ਬਹੁ-ਗਿਣਤੀ ਹੈ। ਇਨ੍ਹਾਂ ਨੇ ਟਰੰਪ ਨੂੰ ਟੈਰਿਫ ਲਗਾਉਣ ਦੀ ਖੁੱਲ੍ਹ ਦੇ ਕੇ ਵੱਡੀ ਗ਼ਲਤੀ ਕੀਤੀ ਹੈ। ਇਸ ਤੋਂ ਇਲਾਵਾ ਟਰੰਪ ਕੌਮਾਂਤਰੀ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ, 1977 ਦੀ ਕੁਵਰਤੋਂ ਕਰ ਰਿਹਾ ਹੈ ਜਿਸ ਨੂੰ ਅਮਰੀਕੀ ਅਦਾਲਤਾਂ ਵਿਚ ਚੁਣੌਤੀ ਦਿੱਤੀ ਗਈ ਹੈ। ਅਦਾਲਤਾਂ ਇਸ ਦੀ ਕੁਵਰਤੋਂ ਨੂੰ ਗ਼ਲਤ ਤੇ ਗ਼ੈਰ ਸੰਵਿਧਾਨਕ ਦੱਸ ਰਹੀਆਂ ਹਨ।

ਸਾਊਥ ਅਫਰੀਕਾ ਨੇ ਅਮਰੀਕਾ ਵਿਚ 3.3 ਬਿਲੀਅਨ ਡਾਲਰ ਨਿਵੇਸ਼ ਕਰਨ, 10 ਸਾਲਾਂ ਵਿਚ 12 ਬਿਲੀਅਲ ਦੀ ਗੈਸ ਖ਼ਰੀਦਣ ਦੀ ਪੇਸ਼ਕਸ਼ ਦੇ ਬਾਵਜੂਦ ਟਰੰਪ ਨੇ 31 ਪ੍ਰਤੀਸ਼ਤ ਟੈਰਿਫ ਉਸ ਦੇ ਅਯਾਤ 'ਤੇ ਠੋਕਿਆ ਜਿਸ ਨਾਲ ਸਿੱਧਾ 1 ਲੱਖ ਨੌਕਰੀਆਂ ਦਾ ਨੁਕਸਾਨ ਹੋਇਆ। ਢੁੱਚਰ ਇਹ ਲਗਾਇਆ ਕਿ ਤੁਸੀਂ ਘੱਟ ਗਿਣਤੀ ਗੋਰਿਆਂ ਦਾ ਨਸਲਘਾਤ ਕਰ ਰਹੇ ਹੋ।

ਬ੍ਰਾਜ਼ੀਲ ਨਾਲ ਅਮਰੀਕਾ ਦਾ 6.8 ਬਿਲੀਅਨ ਸਰਪਲੱਸ ਵਪਾਰ ਚੱਲਦਾ ਹੈ। ਉਸ 'ਤੇ 50 ਪ੍ਰਤੀਸ਼ਤ ਟੈਰਿਫ ਠੋਕਣ ਦੀ ਧਮਕੀ ਦਿੱਤੀ ਜਾ ਰਹੀ ਹੈ। ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਲਾ ਡੀਸਿਲਵਾ ਨੇ ਕਰਾਰਾ ਜਵਾਬ ਦਿੱਤਾ ਹੈ। ਟਰੰਪ ਵਿਸ਼ਵ ਦਾ ਬਾਦਸ਼ਾਹ ਨਹੀਂ ਜਿਸ ਤੋਂ ਉਹ ਹੁਕਮ ਲੈਣਗੇ। ਅਮਰੀਕੀਆਂ ਨੇ ਉਸ ਨੂੰ ਅਮਰੀਕੀ ਸਰਕਾਰ ਚਲਾਉਣ ਲਈ ਚੁਣਿਆ ਹੈ, ਨਾ ਕਿ ਗਲੋਬਲ ਪ੍ਰਸ਼ਾਸਨ ਚਲਾਉਣ ਲਈ। ਟਰੰਪ ਨੂੰ ਬ੍ਰਾਜ਼ੀਲ ਨਾਲ ਇਹ ਕਿੜ ਹੈ ਕਿ ਇਕ ਤਾਂ ਉਹ ਬ੍ਰਿਕਸ ਸੰਗਠਨ ਦਾ ਮੈਂਬਰ ਹੈ, ਦੂਜਾ ਉੱਥੇ ਰਾਸ਼ਟਰਪਤੀ ਚੋਣਾਂ ਹਾਰ ਚੁੱਕੇ ਅਮਰੀਕੀ ਪਿੱਠੂ ਜਾਇਰ ਬੋਲਸੋਨਾਰੋ ਵਿਰੁੱਧ ਤਖ਼ਤਾ ਪਲਟਣ ਦੀ ਸਾਜ਼ਿਸ਼ ਮਾਮਲੇ ਵਿਚ ਕੇਸ ਸੁਪਰੀਮ ਕੋਰਟ ਵਿਚ ਚੱਲ ਰਿਹਾ ਹੈ।

ਬ੍ਰਿਕਸ ਦੇਸ਼ਾਂ ਜਿਨ੍ਹਾਂ ਵਿਚ ਚੀਨ, ਸਾਊਥ ਅਫ਼ਰੀਕਾ, ਬ੍ਰਾਜ਼ੀਲ, ਭਾਰਤ, ਮਿਸਰ, ਈਰਾਨ, ਇਥੋਪੀਆ, ਇੰਡੋਨੇਸ਼ੀਆ ਅਤੇ ਯੂਏਈ ਆਦਿ ਸ਼ਾਮਲ ਹਨ, ਟਰੰਪ ਨੇ ਇਨ੍ਹਾਂ 'ਤੇ 10 ਪ੍ਰਤੀਸ਼ਤ ਵਾਧੂ ਟੈਰਿਫ ਦੀ ਧਮਕੀ ਦਿੱਤੀ ਹੈ। ਦੂਜੀ ਵਿਸ਼ਵ ਜੰਗ ਅਮਰੀਕਾ ਆਪਣੇ ਮਿੱਤਰ ਦੇਸ਼ਾਂ ਤੇ ਸੋਵੀਅਤ ਯੂਨੀਅਨ ਕਰਕੇ ਜਿੱਤ ਸਕਿਆ ਸੀ। ਉਸ ਤੋਂ ਬਾਅਦ ਅੱਜ ਤੱਕ ਇਸ ਨੇ ਇਕ ਵੀ ਨਿਰਣਾਇਕ ਜੰਗ ਨਹੀਂ ਜਿੱਤੀ। ਵੀਅਤਨਾਮ, ਕੋਰੀਆ, ਅਫ਼ਗਾਨਿਸਤਾਨ ਵਿੱਚੋਂ ਹਜ਼ਾਰਾਂ ਅਮਰੀਕੀਆਂ ਅਤੇ ਮਿੱਤਰ ਨਾਟੋ ਦੇਸ਼ਾਂ ਦੇ ਫ਼ੌਜੀਆਂ ਦੀਆਂ ਲਾਸ਼ਾਂ ਮਿੱਧਦਾ ਇਹ ਸ਼ਰਮਨਾਕ ਢੰਗ ਨਾਲ ਭੱਜਦਾ ਰਿਹਾ। ਇਹ ਸੀਆਈਏ ਬਦਨਾਮ ਖ਼ੁਫ਼ੀਆ ਏਜੰਸੀ ਰਾਹੀਂ ਵੱਖ-ਵੱਖ ਦੇਸ਼ਾਂ ਵਿਚ ਰਾਜ ਪਲਟਿਆਂ ਦਾ ਦੋਸ਼ੀ ਰਿਹਾ ਹੈ। ਪੈਰਿਸ ਜਲਵਾਯੂ ਸਮਝੌਤੇ, ਈਰਾਨ ਨਾਲ ਪਰਮਾਣੂ ਸੰਧੀ, ਵਿਦੇਸ਼ੀ ਸਹਾਇਤਾ ਤੋਂ ਮੁੱਕਰਨ ਕਰਕੇ ਕੌਮਾਂਤਰੀ ਭਰੋਸੇਯੋਗਤਾ ਗੁਆ ਚੁੱਕਾ ਹੈ। ਹੁਣ ਟੈਰਿਫ ਜੰਗ ਹਾਰੇਗਾ।

ਸੰਨ 1941 ਵਿਚ ਟਾਈਮ ਮੈਗਜ਼ੀਨ ਦੇ ਸੰਸਥਾਪਕ ਹੈਨਰੀ ਲੂਸ ਨੇ ਫੜ੍ਹ ਮਾਰੀ ਸੀ ਕਿ ਅਮਰੀਕੀ ਸਰਦਾਰੀ ਹੇਠ ਵਿਸ਼ਵ ਸ਼ਾਂਤੀ ਮਜ਼ਬੂਤ ਹੋਵੇਗੀ ਜੋ ਕੋਰਾ ਝੂਠ ਸਾਬਿਤ ਹੋਈ।

ਇੱਕੀ ਜਨਵਰੀ 2025 ਤੋਂ ਟਰੰਪ ਸੱਤਾ ਸੰਭਾਲਣ ਤੋਂ ਬਾਅਦ ਲਗਾਤਾਰ ਅਮਰੀਕੀ ਬਿਮਾਰ ਆਰਥਿਕਤਾ ਨੂੰ ਸੁਧਾਰਨ ਲਈ ਵਿਸ਼ਵ ਭਰ ਦੇ ਦੇਸ਼ਾਂ ਨੂੰ ਤੰਗ-ਪਰੇਸ਼ਾਨ ਕਰ ਰਿਹਾ ਹੈ। ਵਾਰ-ਵਾਰ ਪ੍ਰੈੱਸ, ਟਵਿੱਟਰ ਅਤੇ ਫੇਸਬੁੱਕ ਰਾਹੀਂ ਆਪਣੀਆਂ ਜਿੱਤਾਂ ਦੇ ਝੂਠੇ ਦਾਅਵੇ ਕਰ ਰਿਹਾ ਹੈ। ਜਦਕਿ ਇਸ ਸਮੇਂ ਅਮਰੀਕੀ ਆਰਥਿਕ ਵਿਕਾਸ ਦਰ 1 ਪ੍ਰਤੀਸ਼ਤ ਹੈ ਜਦਕਿ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੀ ਆਖ਼ਰੀ ਛਿਮਾਹੀ ਵਿਚ ਇਹ 2.8 ਪ੍ਰਤੀਸ਼ਤ ਸਾਲਾਨਾ ਸੀ। ਅਮਰੀਕੀ ਆਰਥਿਕਤਾ ਦਾ ਸਭ ਤੋਂ ਬੁਰਾ ਇਹ ਹੋ ਰਿਹਾ ਹੈ ਕਿ ਨਿਵੇਸ਼ ਘੱਟ ਹੋ ਗਿਆ ਹੈ। ਨਿਰਯਾਤ ਘਟ ਗਿਆ ਹੈ ਕਿਉਂਕਿ ਵਪਾਰਕ ਸਹਿਯੋਗੀ ਟਰੰਪ ਦੇ ਟੈਰਿਫਾਂ ਤੋਂ ਤੰਗ ਆ ਕੇ ਹੋਰ ਦੇਸ਼ਾਂ ਨਾਲ ਵਪਾਰ ਦੇ ਰਸਤੇ ਤਲਾਸ਼ਣ ਲੱਗ ਪਏ ਹਨ। ਹੈਰਾਨੀ ਇਹ ਵੀ ਹੈ ਕਿ ਟਰੰਪ ਟੈਰਿਫ ਉਲਟਾ ਮਹਿੰਗਾਈ ਅਤੇ ਬੇਰੁਜ਼ਗਾਰੀ ਕਰਕੇ ਅਮਰੀਕੀ ਆਰਥਿਕਤਾ ਦੇ ਖੰਭ ਕੁਤਰਨ ਲੱਗ ਪਿਆ ਹੈ। ਟੈਰਿਫ ਵਾਧਿਆਂ ਦੇ ਨਤੀਜੇ ਵਜੋਂ ਇਕ ਸਰਵੇਖਣ ਅਨੁਸਾਰ ਅਮਰੀਕਾ ਆਪਣੇ ਲੋਕਾਂ 'ਤੇ ਟੈਕਸ ਲਾਉਣ ਲਈ ਮਜਬੂਰ ਹੋ ਰਿਹਾ। ਕਾਂਗਰਸ ਨੂੰ ਖ਼ਦਸ਼ਾ ਹੈ ਕਿ ਚਾਲੂ ਵਿੱਤੀ ਸਾਲ ਦੇ ਅੱਧ ਵਿਚ ਜੋ ਵਿੱਤੀ ਘਾਟਾ 1.3 ਟ੍ਰਿਲੀਅਨ ਡਾਲਰ ਹੋ ਚੁੱਕਾ ਹੈ, ਅਗਲੇ ਦਹਾਕੇ ਵਿਚ 20 ਟ੍ਰਿਲੀਅਨ ਹੋ ਜਾਵੇਗਾ।

ਚੀਨ 'ਤੇ ਟੈਰਿਫਾਂ ਦੀ ਝੜੀ ਦਾ ਉਲਟਾ ਅਸਰ ਸਾਫ਼ ਦਿਸ ਰਿਹਾ ਹੈ। ਉਸ ਦੀ ਵਿਕਾਸ ਦਰ ਚਾਲੂ ਸਾਲ ਦੀ ਦੂਸਰੀ ਤਿਮਾਹੀ ਵਿਚ 5.2 ਪ੍ਰਤੀਸ਼ਤ ਸਾਲਾਨਾ ਦਰ ਨਾਲ ਵਧੀ ਹੈ। ਅਮਰੀਕੀ ਅੰਦੇਸ਼ੇ ਦੇ ਉਲਟ ਨਿਰਯਾਤ ਵਿਚ ਵਾਧਾ ਹੋਇਆ ਹੈ। ਚੀਨ ਦਾ ਅਮਰੀਕਾ ਨਾਲ ਵਪਾਰ ਘਟਿਆ ਜਦਕਿ ਦੱਖਣ-ਪੂਰਬ ਏਸ਼ੀਆ, ਲਤੀਨੀ ਅਮਰੀਕਾ, ਅਫ਼ਰੀਕਾ ਅਤੇ ਘੋਰ ਵਿਰੋਧੀ ਭਾਰਤ ਨਾਲ ਵਧਿਆ ਹੈ। ਚੀਨ ਦਾ ਬੈਲਟ ਐਂਡ ਰੋਡ ਪ੍ਰਾਜੈਕਟ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਇਸ ਸਾਲ ਦੇ ਪਹਿਲੇ 6 ਮਹੀਨੇ ਵਿਚ ਉਸ ਨੇ ਇਸ 'ਤੇ 124 ਬਿਲੀਅਨ ਡਾਲਰ ਖ਼ਰਚ ਕੀਤੇ ਹਨ।

ਟਰੰਪ ਦੀ ਟੈਰਿਫ ਨੀਤੀ ਖੋਖਲੀ ਅਤੇ ਦੋਸ਼ਪੂਰਨ ਸਿੱਧ ਹੋ ਰਹੀ ਹੈ। ਅਮਰੀਕੀ ਲੋਕ ਗ਼ਲਤੀ ਸੁਧਾਰਦੇ ਹੋਏ ਉਸ ਦੀਆਂ ਅਰਧ ਪਾਗਲਾਨਾ ਨੀਤੀਆਂ ਵਿਰੁੱਧ ਆਪਣੇ ਅਤੇ ਅਮਰੀਕੀ ਰਾਸ਼ਟਰ ਦੇ ਗਲੋਬਲ ਭਾਈਚਾਰੇ ਵਿਚ ਸਨਮਾਨ ਦੀ ਰਾਖੀ ਲਈ ਖੜ੍ਹੇ ਹੋ ਰਹੇ ਹਨ। ਤਾਕਤਵਰ ਅਤੇ ਜਾਗਦੀ ਜ਼ਮੀਰ ਵਾਲੇ ਦੇਸ਼ ਉਸ ਦੇ ਬਸਤੀਵਾਦ ਅਤੇ ਥਾਣੇਦਾਰੀ ਨੂੰ ਅੱਖਾਂ ਵਿਖਾਉਣ ਲੱਗ ਪਏ ਹਨ। ਭਾਰਤ ਰੂਸ ਤੋਂ ਤੇਲ ਅਤੇ ਹਥਿਆਰ ਖ਼ਰੀਦਣ ਸਬੰਧੀ ਡਟ ਗਿਆ ਹੈ। ਉਸ ਨੇ ਕਿਹਾ ਹੈ ਕਿ ਜੇ ਯੂਕਰੇਨ ਦਾ ਫ਼ਿਕਰ ਹੈ ਤਾਂ ਰੂਸ ਤੋਂ ਯੂਰੇਨੀਅਮ ਅਤੇ ਖਾਦਾਂ ਦੀ ਖ਼ਰੀਦ ਬੰਦ ਕਰੋ। ਗਾਜ਼ਾ ਦੀ ਬਰਬਾਦੀ, ਨਸਲਘਾਤ, ਭੁੱਖਮਰੀ ਲਈ ਕੌਣ ਜ਼ਿੰਮੇਵਾਰ ਹੈ? ਕੈਨੇਡਾ ਫਲਸਤੀਨ ਨੂੰ ਮਾਨਤਾ ਦੇ ਰਿਹਾ ਹੈ। ਆਸਟ੍ਰੇਲੀਆ ਸੁਪਰ ਮਾਰਕੀਟ ਨੇ ਅਮਰੀਕੀ ਬੀਫ ਖ਼ਰੀਦਣ ਤੋਂ ਨਾਂਹ ਕਰ ਦਿੱਤੀ ਹੈ। ਬ੍ਰਾਜ਼ੀਲ ਨੇ ਕਰਾਰਾ ਜਵਾਬ ਦਿੱਤਾ ਹੈ।

REAL PLUMBING

EMERGENCY SERVICE
7 DAYS A WEEK



FAST SERVICE

HOT WATER TANKS
SOLD - SERVICED
AND REMOVED

ਕਿਸੇ ਵੀ ਤਰ੍ਹਾਂ ਦੀ ਪਲੰਬਿੰਗ ਦੀ ਪ੍ਰੋਬਲਮ
ਹੈ ਤਾਂ ਫੋਨ ਕਰੋ

ਸਤਵਿੰਦਰ ਰੀਹਲ

Satwinder Reehal

604-327-5096

# REALTY CLASSIFIED




## KULVIR SAHOTA PREC.

## 778.863.2472

sahotakulvir@gmail.com

**Top-selling Agent in Surrey Office**
**Since 2017, 2018, 2019, 2020, 50 SOLD in 2021**

MLS MEDALLION CLUB MEMBER
**Medallion Member**
**2017, 2018, 2019**

PLANET GROUP REALTY INC.
**Planet Group Realty Inc.**
#266 - 8128 128 Street
Surrey, BC V3W 1R1
Tel: 604-572-1008


### 14373 66 Ave Surrey BC




Two storey house,5bed 3 full bath, 2bed basement suite, 7200 sf lot,
Asking:$1429K

### 12848 65 Ave Surrey




Renovated house 3bed 3bath,
6400 sf lot,
Asking: 1249K,

### 12846 78 Ave Surrey




Price $1,349,000

Excellent Opportunity to buy a 4-level Split House in West Newton, 7 Bed 4 Bath. 4 bed and 3 full bath upstairs for the main house. The property contains 2 unauthorized accommodations (2+1). The whole house rented for $6500. Walking Distance to School, Public Transit, Shopping, Market and All other Amenities.

### 101 8655 King George Blvd. Surrey




Price $829,000

CREEKSIDE VILLAGE. 2 level clean bright CORNER UNIT with 3 beds & 2.5 baths. Tiled entry, sliders to patio. priv. yard. BEAR CREEK PARK nearby,

### 19536 118B Ave




Two Storey house 5bed 4 full bath,
7500 lot,
Asking: 1429K

### Townhouse for sale




2bed 2bath, 1246 sf,
Asking: $690K

### Apartment for Sale



002-10760 135A Ave Brand new, 2bed 2bath, 800 sf,
Asking: $649K

### 77 15151 Edmund Drive, Surrey




3 Bed+Den, 3 Bath A centrally located unit within walking distance to all banks, restaurants, dollarama, shoppers drug mart. A list of recreation facilities & amenities, including YMCA, Fresh Street Market & Panorama Village Centre, all within walking distance.

Asking $949K

### 314-7445 120 Street




### 103 13725 72A AVENUE




### 13930 77 Ave Surrey BC




### 124 13725 72A AVENUE




### 314-7445 120 Street




### #11 16357 15 AVE, SURREY




### #22 12730 66 AVE SURREY




### 6139 142 ST SURREY




### #201 13893 74 AVE SURREY




### 14071 59A AVE, SURREY




### 14948 62 AVE SURREY




### 11700 85B AVE DELTA




### #34 9088 HOLT RD, SURREY




### 11826 87 AVE, DELTA




### #202 7445 120 ST, DELTA




### #138 13898 64 AVE SURREY




### 13343 STAMFORD PLACE SURREY




### 10014 120 ST SURREY




### #100 5888 144 ST SURREY




### #71 13706 74 AVE SURREY



# ਉਰਫੀ ਨੇ ਰਿਵੀਲ ਕੀਤਾ ਬੁਆਏਫ੍ਰੈਂਡ ਦਾ ਚਿਹਰਾ

ਸੋਸ਼ਲ ਮੀਡੀਆ ‘ਤੇ ਆਪਣੀਆਂ ਬੋਲਡ ਹਰਕਤਾਂ ਅਤੇ ਯੂਨੀਕ ਫੈਸ਼ਨ ਸੈਂਸ ਲਈ ਮਸ਼ਹੂਰ ਅਦਾਕਾਰਾ ਅਤੇ ਪ੍ਰਭਾਵਕ ਉਰਫੀ ਜਾਵੇਦ ਨੇ ਆਖਰਕਾਰ ਆਪਣੀ ਲਵ ਲਾਈਫ ਬਾਰੇ ਇੱਕ ਵੱਡਾ ਖੁਲਾਸਾ ਕੀਤਾ ਹੈ। ਉਰਫੀ ਨੇ ਮੰਨਿਆ ਹੈ ਕਿ ਉਹ ਕਿਸੇ ਖਾਸ ਨੂੰ ਡੇਟ ਕਰ ਰਹੀ ਹੈ ਅਤੇ ਹੁਣ ਉਨ੍ਹਾਂ ਨੇ ਪਹਿਲੀ ਵਾਰ ਪ੍ਰਸ਼ੰਸਕਾਂ ਨੂੰ ਆਪਣੇ ਬੁਆਏਫ੍ਰੈਂਡ ਦੀ ਝਲਕ ਵੀ ਦਿਖਾਈ ਹੈ।

ਉਰਫੀ ਜਾਵੇਦ ਨੇ ਇੰਸਟਾਗ੍ਰਾਮ ‘ਤੇ ਇੱਕ ਰੋਮਾਂਟਿਕ ਤਸਵੀਰ ਸਾਂਝੀ ਕੀਤੀ, ਜਿਸ ਵਿੱਚ ਉਹ ਇੱਕ ਮੁੰਡੇ ਨਾਲ ਬੈਠੀ ਦਿਖਾਈ ਦੇ ਰਹੀ ਹੈ।

ਮੁੰਡੇ ਨੇ ਉਰਫੀ ਦੇ ਮੋਢੇ ‘ਤੇ ਹੱਥ ਰੱਖਿਆ ਹੈ ਅਤੇ ਦੋਵੇਂ ਇਕੱਠੇ ਕੌਫੀ ਦਾ ਆਨੰਦ ਮਾਣ ਰਹੇ ਹਨ। ਇਸ ਫੋਟੋ ਦੇ ਨਾਲ, ਉਰਫੀ ਨੇ ਲਿਖਿਆ - ਹੁਣ ਮੈਨੂੰ ਆਪਣੇ ਬੁਆਏਫ੍ਰੈਂਡ ਦੀ ਯਾਦ ਆਉਂਦੀ ਹੈ।ਵਇਸ ਪੋਸਟ ਵਿੱਚ ਉਰਫੀ ਨੇ ਆਪਣੇ ਬੁਆਏਫ੍ਰੈਂਡ ਨੂੰ ਵੀ ਟੈਗ ਕੀਤਾ ਹੈ।

ਮੁੰਡੇ ਦਾ ਨਾਮ ਕੌਸ ਤ੍ਰਿਵੇਦੀ ਹੈ। ਕੌਸ ਨੇ ਉਰਫੀ ਦੀ ਪੋਸਟ ਨੂੰ ਵੀ ਦੁਬਾਰਾ ਸਾਂਝਾ ਕੀਤਾ ਅਤੇ ਇੱਕ ਮਜ਼ਾਕੀਆ ਕੈਪਸ਼ਨ ਲਿਖਿਆ - ਬਾਲੀਵੁੱਡ ਮਸ਼ਹੂਰ ਹਸਤੀਆਂ ਦਾ ਪਸੰਦੀਦਾ ਬਣਨਾ ਆਸਾਨ ਨਹੀਂ ਹੈ, ਪਰ ਕਿਸੇ ਨੂੰ ਤਾਂ ਇਹ ਕੰਮ ਕਰਨਾ ਹੀ ਹੋਵੇਗਾ ਹੈ।



## ਨੌਜਵਾਨ ਨੇ ਚਾਚੀ ਦੇ ਪਿਆਰ ’ਚ ਖਾਦਾ ਜ਼ਹਿਰ

ਇੱਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆ ਰਹੀ ਹੈ, ਜਿਸ ਨੇ ਹਰ ਪਾਸੇ ਹਲਚਲ ਮਚਾ ਦਿੱਤੀ ਹੈ। ਦਰਅਸਲ, ਯੂਪੀ ਦੇ ਰਾਮਪੁਰ ਵਿੱਚ ਇੱਕ ਨੌਜਵਾਨ ਨੇ ਆਪਣੀ ਚਾਚੀ ਦੇ ਪਿਆਰ ਲਈ ਆਪਣੀ ਜਾਨ ਦੇ ਦਿੱਤੀ। ਪ੍ਰੇਮ ਸਬੰਧਾਂ ਕਾਰਨ ਨੌਜਵਾਨ ਨੇ ਜ਼ਹਿਰ ਖਾ ਲਿਆ ਅਤੇ ਮੌਤ ਹੋ ਗਈ। ਨੌਜਵਾਨ ਦਾ ਆਪਣੀ ਚਾਚੀ ਨਾਲ ਪ੍ਰੇਮ ਸਬੰਧ ਚੱਲ ਰਿਹਾ ਸੀ ਜਦੋਂ ਕਿ ਪਰਿਵਾਰ ਦੇ ਮੈਂਬਰ ਇਸ ਪਿਆਰ ਦੇ ਵਿਰੁੱਧ ਸਨ। ਪਰਿਵਾਰ ਤੋਂ ਪਰੇਸ਼ਾਨ ਹੋ ਕੇ ਨੌਜਵਾਨ ਨੇ ਸੋਮਵਾਰ ਦੇਰ ਰਾਤ ਜ਼ਹਿਰ ਖਾ ਲਿਆ ਅਤੇ ਉਸਦੀ ਮੌਤ ਹੋ ਗਈ। ਪੁਲਿਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਹਸਪਤਾਲ ਭੇਜ ਦਿੱਤਾ।

ਜਾਣਕਾਰੀ ਅਨੁਸਾਰ, ਮਾਮਲਾ ਮਿਲਕਖਾਨਮ ਥਾਣਾ ਖੇਤਰ ਦੇ ਸ਼ਾਦੀ ਨਗਰ ਹਜੀਰਾ ਪਿੰਡ ਦਾ ਹੈ। ਪਿੰਡ ਦਾ ਰਹਿਣ ਵਾਲਾ ਪੇਸ਼ੇ ਤੋਂ ਮਜ਼ਦੂਰ ਵਿਜੇਪਾਲ (26) ਦਾ ਆਪਣੀ ਚਾਚੀ ਨਾਲ ਪ੍ਰੇਮ ਸਬੰਧ ਚੱਲ ਰਿਹਾ ਸੀ। ਔਰਤ ਚਾਰ ਬੱਚਿਆਂ ਦੀ ਮਾਂ ਹੈ। ਦੱਸਿਆ ਜਾ ਰਿਹਾ ਹੈ ਕਿ ਇੱਕ ਦਿਨ ਪਹਿਲਾਂ ਨੌਜਵਾਨ ਆਪਣੀ ਚਾਚੀ ਨੂੰ ਘੁੰਮਾਉਣ ਲਈ ਬਾਜਪੁਰ ਲੈ ਗਿਆ ਸੀ। ਜਦੋਂ ਉਹ ਸ਼ਾਮ ਨੂੰ ਬਾਜਪੁਰ ਤੋਂ ਵਾਪਸ ਆਏ ਤਾਂ ਘਰ ਵਿੱਚ ਹੰਗਾਮਾ ਹੋਇਆ। ਚਾਚੇ ਨੇ ਚਾਚੀ ਨੂੰ ਬਹੁਤ ਮਾਰਿਆ, ਜਦੋਂ ਕਿ ਨੌਜਵਾਨ ਨੂੰ ਉਸਦੇ ਪਰਿਵਾਰਕ ਮੈਂਬਰਾਂ ਨੇ ਗਾਲ੍ਹਾਂ ਕੱਢੀਆਂ। ਜਿਸ ਕਾਰਨ ਘਰ ਵਿੱਚ ਬਹੁਤ ਹੰਗਾਮਾ ਹੋਇਆ ਅਤੇ ਲੜਾਈ ਹੋ ਗਈ।

ਸੋਮਵਾਰ ਦੇਰ ਰਾਤ ਨੂੰ ਕੁਝ ਸਮੇਂ ਬਾਅਦ, ਨੌਜਵਾਨ ਆਪਣੀ ਚਾਚੀ ਦੇ ਕੋਲ ਪਹੁੰਚਿਆ ਅਤੇ ਕਿਹਾ, “ਇਸ ਜਨਮ ਵਿੱਚ ਤਾਂ ਨਹੀਂ, ਪਰ ਅਗਲੇ ਜਨਮ ਵਿੱਚ ਤੈਨੂੰ ਮੇਰੀ ਪਤਨੀ ਬਣਨ ਤੋਂ ਕੋਈ ਨਹੀਂ ਰੋਕ ਸਕਦਾ।“ ਇਹ ਕਹਿਣ ਤੋਂ ਬਾਅਦ, ਨੌਜਵਾਨ ਨੇ ਜ਼ਹਿਰ ਖਾ ਲਿਆ।

ਕੁਝ ਸਮੇਂ ਬਾਅਦ, ਨੌਜਵਾਨ ਦੀ ਹਾਲਤ ਵਿਗੜ ਗਈ ਅਤੇ ਪਰਿਵਾਰਕ ਮੈਂਬਰ ਚਿੰਤਤ ਹੋ ਗਏ। ਪਰਿਵਾਰ ਨੇ ਨੌਜਵਾਨ ਨੂੰ ਸਵਾਰ ਹਸਪਤਾਲ ਵਿੱਚ ਦਾਖਲ ਕਰਵਾਇਆ। ਜਦੋਂ ਉਸਦੀ ਹਾਲਤ ਵਿਗੜ ਗਈ, ਤਾਂ ਡਾਕਟਰਾਂ ਨੇ ਨੌਜਵਾਨ ਨੂੰ ਜ਼ਿਲ੍ਹਾ ਹਸਪਤਾਲ ਰੈਫਰ ਕਰ ਦਿੱਤਾ।

# ਇਸ਼ਕ ਮੁਸ਼ਕ

## ਧਨਸ਼੍ਰੀ ਦਾ ਸਾਬਕਾ ਪਤੀ ਯੁਜਵੇਂਦਰ ਚਾਹਲ ’ਤੇ ਫੁੱਟਿਆ ਗੁੱਸਾ



ਲਗਭਗ ਇੱਕ ਮਹੀਨਾ ਪਹਿਲਾਂ, ਸਟਾਰ ਕ੍ਰਿਕਟਰ ਯੁਜਵੇਂਦਰ ਚਾਹਲ ਨੇ ਆਪਣੇ ਤਲਾਕ ‘ਤੇ ਆਪਣੀ ਚੁੱਪੀ ਤੋੜੀ। ਹੁਣ ਉਨ੍ਹਾਂ ਦੀ ਸਾਬਕਾ ਪਤਨੀ ਧਨਸ਼੍ਰੀ ਵਰਮਾ ਨੇ ਹਾਲ ਹੀ ਵਿੱਚ ਇੱਕ ਪੋਡਕਾਸਟ ਸ਼ੋਅ ਵਿੱਚ ਗੱਲ ਕੀਤੀ ਹੈ। ਇਸ ਦੌਰਾਨ, ਉਨ੍ਹਾਂ ਨੇ ਆਪਣੇ ਭਾਵਨਾਤਮਕ ਟੁੱਟਣ ਬਾਰੇ ਗੱਲ ਕੀਤੀ। ਇਸ ਦੇ ਨਾਲ ਹੀ, ਉਨ੍ਹਾਂ ਨੇ ਤਲਾਕ ਦੀ ਅੰਤਿਮ ਸੁਣਵਾਈ ਵਾਲੇ ਦਿਨ “ਭਈ੍ਰ ਨ ਸੁਗਓਰ ਦਓਦਦੇ” ਟੀ-ਸ਼ਰਟ ਪਹਿਨਣ ਲਈ ਚਾਹਲ ‘ਤੇ ਨਿਸ਼ਾਨਾ ਸਾਧਿਆ।

‘ਬੀ ਯੂਅਰ ਓਨ ਸ਼ੂਗਰ ਡੈਡੀ’ ਦਾ ਕੀ ਅਰਥ ਹੈ?

ਤਲਾਕ ਦੌਰਾਨ ਚਹਿਲ ਦੀ ਇਸ ਟੀ-ਸ਼ਰਟ ਬਾਰੇ ਬਹੁਤ ਚਰਚਾ ਹੋਈ ਸੀ। ਇਸ ਦੇ ਨਾਲ ਹੀ, ਇਹ ਇਸ ਸਮੇਂ ਵੀ ਚਰਚਾ ਦਾ ਵਿਸ਼ਾ ਬਣ ਗਿਆ ਹੈ। ਦੱਸ ਦੇਈਏ ਕਿ ‘ਬੀ ਯੂਅਰ ਓਨ ਸ਼ੂਗਰ ਡੈਡੀ’ ਦਾ ਅਰਥ ਹੈ ਵਿੱਤੀ ਤੌਰ ‘ਤੇ ਸੁਤੰਤਰ ਹੋਣਾ। ਮਤਲਬ ਕਿ ਪੈਸੇ ਲਈ ਦੂਜਿਆਂ ‘ਤੇ ਨਿਰਭਰ ਹੋਣ ਦੀ ਬਜਾਏ, ਇਸਨੂੰ ਖੁਦ ਕਮਾਓ।

**ਧਨਸ਼੍ਰੀ ਵੱਲੋਂ ਚਾਹਲ ਲਈ ਸੀ ਆਖਰੀ ਮੈਸੇਜ:**

ਚਾਹਲ ਨੇ ਹਾਲ ਹੀ ਵਿੱਚ ਦੱਸਿਆ ਸੀ ਕਿ ਉਨ੍ਹਾਂ ਦੇ ਟੀ-ਸ਼ਰਟ ਪਹਿਨਣ ਪਿੱਛੇ ਰਾਜ਼ ਇਹ ਸੀ ਕਿ ਉਹ ਇਸ ਰਾਹੀਂ ਧਨਸ਼੍ਰੀ ਨੂੰ ਆਖਰੀ ਮੈਸੇਜ ਭੇਜਣਾ ਚਾਹੁੰਦੇ ਸਨ।

ਧਨਾਸ਼੍ਰੀ ਨੇ ਮੰਨਿਆ ਕਿ ਉਹ ਆਪਣੇ ਸਾਬਕਾ ਪਤੀ ਦੀ ਟੀ-ਸ਼ਰਟ ਦੇਖ ਕੇ ਹੈਰਾਨ ਰਹਿ ਗਈ ਸੀ। ਉਸਨੇ ਕਿਹਾ ਕਿ ਉਹ ਪਹਿਲਾਂ ਹੀ ਜਾਣਦੀ ਸੀ ਕਿ ਤਲਾਕ ਦਾ ਦੋਸ਼ ਉਸ ‘ਤੇ ਹੀ ਮੜ੍ਹਿਆ ਜਾਵੇਗਾ, ਭਾਵੇਂ ਵਿਵਾਦ ਸਾਹਮਣੇ ਨਾ ਵੀ ਆਇਆ। ਚਾਹਲ ਵੱਲੋਂ ਟੀ-ਸ਼ਰਟ ਰਾਹੀਂ ਧਨਸ਼੍ਰੀ ਨੂੰ ਭੇਜੇ ਗਏ ਸੁਨੇਹੇ ‘ਤੇ ਪ੍ਰਤੀਕਿਰਿਆ ਦਿੰਦੇ ਹੋਏ, ਧਨਸ਼੍ਰੀ ਨੇ ਕਿਹਾ, ਮੈਂ ਬਾਹਰ ਆਈ, ਮੈਂ ਦੇਖਿਆ - ਉਸਨੇ ਸੱਚਮੁੱਚ ਇਹ ਕੀਤਾ, ਇਹ ਹੋਇਆ ਹੈ, ਉਸ ਸਮੇਂ ਮੈਂ ਸੋਚਿਆ ਬੌਸ.. ਹੋ ਗਿਆ। ਮੈਂ ਕਿਉਂ ਰੋਵਾਂ। ਕਿਤੇ ਨਾ ਕਿਤੇ ਮੈਂ ਸੋਚ ਰਹੀ ਸੀ ਕਿ ਮੈਂ ਕਿਉਂ ਰੋ ਰਹੀ ਹਾਂ, ਇਸ ਲਈ! ਉਨ੍ਹਾਂ ਨੇ ਅੱਗੇ ਕਿਹਾ, “ਅਰੇ ਭਾਈ, ਤੁਸੀਂ ਵਟਸਐਪ ਕਰ ਸਕਦੇ ਸੀ, ਟੀ-ਸ਼ਰਟ ਪਾਉਣ ਦੀ ਕੀ ਲੋੜ ਸੀ?”




No Fuel & Maintenance Charge

Level 1 Chief Flight Instructor

Train On CESSNA 172

**From PPL to CPL, Your Aviation Career Begins Here**

Embark on an exhilarating journey into the world of aviation with Western Community College's comprehensive Aviation Diploma program. Designed to equip aspiring pilots with the skills and knowledge needed to soar to new heights, this diploma offers a structured pathway from Private Pilot License (PPL) to Commercial Pilot License (CPL).

**Eligibility Requirements**

Age 16-29 | Permanent Resident, Canadian Citizen, Refugee Status

WESTERN COMMUNITY COLLEGE

**Flying School**
Hangar F, Unit 120,
1185 Townline Road
Abbotsford, BC V2T 6E1
**abbyinfo@wcc.ca**

**Abbotsford**
Unit 201, 3670 Townline Rd
Abbotsford, BC V2T 5W8
+1-604-776-1301
**abbyinfo@wcc.ca**


SABZI MANDI SUPERMARKET
Serving our Community since 2003
Banta Drinks In Store Now!
HOT PRICE BC TINDA ਪੰਜਾਬੀ ਟਿੰਡਾ 88¢ /lb
HOT PRICE JUMBO CAULIFLOWER ਗੋਭੀ 2.49 ea
HOT PRICE BC EXTRA HOT CHILLI ਬੀ.ਸੀ ਤਾਜ਼ੇ ਮਿਰਚੀ ਹਰੀ ਮਿਰਚ 1.99 /lb
HOT PRICE FRESH OPO ਲੌਕੀ 79¢ /lb
NEW KRUNCH PANI-PURI TRAY ਨੀਊ ਕਰੰਚ ਪਾਨੀ ਪੂਰੀ 260g 5.99 ea
NEW KRUNCH COOKIES ਨੀਊ ਕਰੰਚ ਕੁਕੀਆਂ Asst. 2.2lb 5.99 ea
NANAK ALOO TIKKI ਨਾਨਕ ਆਲੂ ਟਿੱਕੀ 720g 7.99 ea
HANS GUR ATTA BISCUITS PIPA ਹਾਨਸ ਗੁਰ ਆਟਾ ਬਿਸਕੁਟ ਪੀਪਾ 1.8kg 13.99 ea
PARTY TRAYS ਪਾਰਟੀ ਟਰੇ 40 pack 6.99 ea
UNBEATABLE DEAL
BAAZ DURUM ATTA ਬਾਜ਼ ਦੁਰਮ ਆਟਾ 20lb 11.99 ea
HOT PRICE FRESH CILANTRO ਧਨੀਆਂ Bunch 2 for 1.29
PETHA KADDU ਪੇਠਾ ਕੱਦੂ 88¢ /lb
FRESH METHI ਮੇਥੀ Bunch 1.49 ea
GREEN PEPPERS ਹਰੀਆਂ ਸ਼ਿਮਲਾ ਮਿਰਚਾਂ 1.49 /lb
JUMBO CARROTS ਵੱਡੀਆਂ ਗਾਜਰਾਂ 59¢ /lb
RED/BROWN MASOOR DAAL ਲਾਲ / ਬਰਾਊਨ ਮਸੂਰ ਦਾਲ Bulk 88¢ /lb
GITS READY TO EAT ਗਿਟਸ ਰੈਡੀ ਟੂ ਈਟ 300g 2 for $6
PUNJABI BY NATURE MUSTARD OIL ਪੰਜਾਬੀ ਬਾਈ ਨੇਚਰ ਸਰੋਂ ਦਾ ਤੇਲ 1L 5.99 ea
TATA AGNI TEA ਟਾਟਾ ਅੱਗਨੀ ਚਾਹ 1kg 9.99 ea
PUNJABI BY NATURE SOYA CHAAP ਪੰਜਾਬੀ ਬਾਈ ਨੇਚਰ ਸੋਯਾ ਚਾਪ 850g 3.99 ea
FRESH BROCCOLI ਬਰੋਕੋਲੀ 1.49 /lb
INDIAN EGGPLANT ਦੇਸੀ ਵਤਾਊਂ 1.69 /lb
BC POTATOES ਬੀ. ਸੀ. ਆਲੂ 10lb 2.49 ea
FRESH GINGER ਅੱਦਰਕ 1.19 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. August 22, 2025 - Wed. August 27, 2025
MasterCard VISA AMERICAN EXPRESS Interac
American Express accepted at three locations.
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
You can also visit us online at www.sabzimandicanada.com
Prices in effect at the above listed store locations only.